# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. (ਪੰਜਾਬੀ ਲਾਜ਼ਮੀ) ਸਮੈਸਟਰ ਪਹਿਲਾ

ਪੇਪਰ : ਪੰਜਾਬੀ ਲਾਜ਼ਮੀ ਯੂਨਿਟ : 1

## ਪਾਠ ਨੰ.


1.1 : ਖ਼ਬਰ, ਅਖ਼ਬਾਰੀ ਲੇਖ, ਮਿਡਲ ਅਤੇ ਪ੍ਰੈਸ ਰਿਪੋਰਟ

1.2 : ਲੇਖ ਰਚਨਾ ਅਤੇ ਕੁਝ ਲੇਖ

1.3 : ਕਥਾ ਪੰਜਾਬ ਪੁਸਤਕ ਵਿਚਲੀਆਂ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ


**Department website : www.pbidde.org**

## ਬੀ.ਏ. ਭਾਗ-ਪਹਿਲਾ (ਸਮੈਸਟਰ ਪਹਿਲਾ)
## (ਪੰਜਾਬੀ ਲਾਜ਼ਮੀ)
## 2020-21, 2021-22 ਅਤੇ 2022-23 ਸੈਸ਼ਨਾਂ ਲਈ
## ਸਮੈਸਟਰ ਪਹਿਲਾ

**ਕੁਲ ਅੰਕ : 100** **ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35**

**ਸਮਾਂ : 3 ਘੰਟੇ**

### ਸਿਲੇਬਸ ਤੇ ਪਾਠ ਪੁਸਤਕਾਂ

**ਭਾਗ-ੳ-1 :** ਕਹਾਣੀ ਕੀ ਹੁੰਦੀ ਹੈ ?

ਨਿੱਕੀ ਕਹਾਣੀ, ਲੰਮੀ ਕਹਾਣੀ, ਮਿੰਨੀ ਕਹਾਣੀ ਦੀ ਬਣਤਰ, ਸਰੂਪ ਅਤੇ ਆਪਸੀ ਵੱਖਰੇਵਾਂ 15 ਅੰਕ

**ਭਾਗ-ੳ-2 :** ਕਥਾ ਪੰਜਾਬ, ਸੰਪਾ. ਡਾ. ਹਰਿਭਜਨ ਸਿੰਘ, ਨੈਸ਼ਨਲ ਬੁੱਕ ਟ੍ਰਸਟ, ਇੰਡੀਆ 15 ਅੰਕ

**ਭਾਗ-ਅ-1 :** ਪੰਜਾਬੀ ਲਿਖਣ ਕਲਾ: ਹੇਠ ਲਿਖੇ ਰੂਪਾਂ ਦਾ ਸਰੂਪ, ਆਪਸੀ ਨਿਖੇੜਾ ਅਤੇ ਵਿਹਾਰਕ ਅਭਿਆਸ

1) ਲੇਖ 2) ਪੈਰ੍ਹਾ, 3) ਅਖਬਾਰੀ ਲੇਖ 4) ਮਿਡਲ 5) ਪ੍ਰੈਸ ਰਿਪੋਰਟ 6) ਖ਼ਬਰ 15 ਅੰਕ

**ਭਾਗ-ਅ-2 :** ਲੇਖ ਰਚਨਾ: ਸਮਕਾਲ ਨਾਲ ਸੰਬੰਧਿਤ ਸਮਾਜਿਕ ਮਸਲਿਆਂ (ਸਮਾਜਿਕ ਨਿਆਂ, ਲਿੰਗਕ ਬਰਾਬਰੀ, ਧਰਮ-ਨਿਰਪੇਖਤਾ ਅਤੇ ਖੇਤਰਵਾਦ) ਬਾਰੇ, ਸਿੱਖਿਆ ਵਿਚ ਮਾਤ ਭਾਸ਼ਾ ਦੇ ਮਹੱਤਵ ਬਾਰੇ, ਵਿਗਿਆਨ ਸਿੱਖਿਆ ਤੇ ਮਾਤਭਾਸ਼ਾ, ਤਕਨੀਕੀ ਵਿਕਾਸ ਅਤੇ ਵਾਤਾਵਰਣ, ਅਜੋਕੀ ਗੀਤਕਾਰੀ ਵਿਚ ਹਿੰਸਾ, ਜਾਪਤਾ ਅਤੇ ਲੱਚਰਤਾ ਬਾਰੇ, ਸਾਈਬਰ-ਕ੍ਰਾਂਤੀ ਅਤੇ ਮਨੁੱਖੀ ਅਧਿਕਾਰਾਂ ਦੇ ਮਸਲੇ, ਇੰਟਰਨੈੱਟ ਦਾ ਪਾਸਾਰ ਦੀਆਂ ਮੁਸ਼ਕਿਲਾਂ, ਤਕਨੀਕੀ ਵਿਕਾਸ ਅਤੇ ਸਮਾਜਿਕ ਆਰਥਿਕ ਪਿਛੜੇਵਾਂ ਦੇ ਸੰਬੰਧ ਬਾਰੇ, ਆਨਲਾਈਨ ਅਧਿਆਪਨ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਬਾਰੇ, ਸਿੱਖਿਆ ਦੇ ਆਨਲਾਈਨ ਮਾਧਿਅਮ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਬਾਰੇ, ਸਮਾਜਿਕ-ਮੀਡੀਆਂ ਦੀਆਂ ਸੰਭਾਵਨਾਵਾਂ ਤੇ ਸਮੱਸਿਆਵਾਂ ਬਾਰੇ, ਮੀਡੀਆਂ ਅਤੇ ਸਭਿਆਚਾਰ ਬਾਰੇ, ਪੰਜਾਬੀ ਸਭਿਆਚਾਰਕ ਵਿਰਾਸਤ ਅਤੇ ਸਭਿਆਚਾਰਕ ਤਬਦੀਲੀ ਬਾਰੇ, ਨੌਜਵਾਨ ਪੀੜੀ ਦੇ ਸੁਪਨੇ ਅਤੇ ਆਦਰਸ਼, ਬੇਰੁਜਗਾਰੀ ਅਤੇ ਪਰਵਾਸ, ਪੰਜਾਬੀਆਂ ਵਿਚ ਪਰਵਾਸ ਦੇ ਰੁਝਾਨ ਦੇ ਕਾਰਣਾਂ ਬਾਰੇ ਨਿਬੰਧ ਰਚਨਾ 15 ਅੰਕ

**ਭਾਗ-ੲ :** ਪਾਠਕ੍ਰਮ ਦੇ ਭਾਗ-ੳ ਅਤੇ ਭਾਗ-ਅ-1 (ਪੰਜਾਬੀ ਲਿਖਣ ਕਲਾ) ਵਾਲੇ ਭਾਗ ਵਿਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ। 40 ਅੰਕ

### ਅੰਕ-ਵੰਡ ਅਤੇ ਪੇਪਰ ਸੈਂਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਰਪ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇਗਾ।
3. ਭਾਗ ੳ-1 ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ। ਇਹ ਪ੍ਰਸ਼ਨ ਦਿੱਤੇ ਗਏ ਸਾਹਿਤ ਰੂਪਾਂ ਦੇ ਸਰੂਪ, ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 15 ਅੰਕ
4. ਭਾਗ ੳ-2 ਵਿੱਚੋਂ ਤਿੰਨ ਕਹਾਣੀਟਾਂ ਦੇ ਕੇ ਕਿਸੇ ਇੱਕ ਕਹਾਣੀ ਦਾ ਵਿਸ਼ਾ-ਵਸਤੂ/ਸਾਰ/ਪਾਠਕ ਦਾ ਹੁੰਗਾਰਾ ਪਾਠਕੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ। 15 ਅੰਕ
5. ਭਾਗ ਅ-1 ਵਿਚ ਦਰਸਾਏ ਗਏ ਲੇਖਣੀ ਰੂਪਾਂ ਦੇ ਸਰੂਪ ਅਤੇ ਇਨ੍ਹਾਂ ਵਿਚਕਾਰ ਨਿਖੇੜੇ ਬਾਰੇ ਤਿੰਨ ਸਵਾਲ ਪੁੱਛੇ ਜਾਣਗੇ। ਇਨ੍ਹਾਂ ਵਿਚੋਂ ਵਿਦਿਆਰਥੀ ਨੂੰ ਕਿਸੇ ਇੱਕ ਸਵਾਲ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।15 ਅੰਕ
6. ਭਾਗ ਅ-2 ਦਰਸਾਏ ਵਿਸ਼ਿਆਂ ਵਿਚੋਂ ਕਿਸੇ ਵਿਸ਼ੇ ਤੇ ਨਿਬੰਧ ਲਿਖਣ ਲਈ ਕਿਹਾ ਜਾਵੇਗਾ।(ਤਿੰਨ ਵਿੱਚੋਂ ਇੱਕ) 15 ਅੰਕ

7. ਭਾਗ-ੲ ਇਸ ਭਾਗ ਵਿਚ ਭਾਗ ੳ ਅਤੇ ਭਾਗ ਅ-1 (ਪੰਜਾਬੀ ਲਿਖਣ ਕਲਾ) ਵਿੱਚੋਂ ਸੰਖੇਪ ਉੱਤਰਾਂ ਵਾਲੇ 20 ਭਾਗ ੳ ਵਿਚੋਂ 12 ਅਤੇ ਭਾਗ ਅ-1 (ਪੰਜਾਬੀ ਲਿਖਣ ਕਲਾ) ਵਿੱਚੋਂ 8) ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਸਾਰੇ ਪ੍ਰਸ਼ਨ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।20×2=40 ਅੰਕ

**ਸਹਾਇਕ ਪਾਠ-ਸਮੱਗਰੀ**

1. ਰਾਜਿੰਦਰਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਓਮ ਪ੍ਰਕਾਸ਼ ਵਸਿਸ਼ਟ, ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ, ਨੈਨਸੀ ਪਬਲਿਸ਼ਰਜ਼, ਚੰਡੀਗੜ੍ਹ
3. ਪਰਮਜੀਤ ਸਿੰਘ ਸਿੱਧੂ, ਕੋਸ਼ਕਾਰੀ-ਕਲਾ ਅਤੇ ਪੰਜਾਬੀ ਕੋਸ਼ਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਅਮਰਜੀਤ ਸਿੰਘ ਵੜੈਚ, ਹੁਣ ਤੁਸੀਂ ਖ਼ਬਰਾਂ ਸੁਣੋਂ

**ਪਾਠ ਨੰਬਰ : 1.1** **ਲੇਖਕ : ਅਮ੍ਰਿਤਪਾਲ ਸਿੰਘ ਬੁੱਟਰ**

# ਖ਼ਬਰ

1.1.1 ਪਾਠ ਦਾ ਉਦੇਸ਼

1.1.2 ਭੂਮਿਕਾ

1.1.3 ਪਾਠ ਦੀ ਰੂਪ-ਰੇਖਾ

1.1.4 ਖ਼ਬਰ

1.1.5 ਅਖ਼ਬਾਰੀ ਲੇਖ ਅਤੇ ਸੰਪਾਦਕੀ ਲੇਖ

1.1.6 ਮਿਡਲ

1.1.7 ਪ੍ਰੈਸ ਰਿਪੋਰਟ

1.1.8 ਸਿੱਟਾ

1.1.9 ਅਭਿਆਸ ਲਈ ਪ੍ਰਸ਼ਨ

1.1.10 ਸਹਾਇਕ ਪੁਸਤਕ ਸੂਚੀ

## 1.1.1 ਪਾਠ ਦਾ ਉਦੇਸ਼

ਇਸ ਪਾਠ ਵਿੱਚ ਅਖ਼ਬਾਰੀ ਜਗਤ ਨਾਲ ਸਬੰਧਤ ਸੰਕਲਪਾਂ ਜਿਵੇ ਕਿ ਖ਼ਬਰ,ਅਖਬਾਰੀ ਲੇਖ, ਸੰਪਾਦਕੀ ਲੇਖ, ਮਿਡਲ ਅਤੇ ਪ੍ਰੈਸ ਰਿਪੋਰਟ ਦੇ ਸਰੂਪ, ਤੱਤ ਅਤੇ ਲੇਖਣ ਵਿਧੀ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਇਨ੍ਹਾਂ ਸੰਕਲਪਾਂ ਬਾਰੇ ਸਿਧਾਂਤਕ ਚਰਚਾ ਕਰਦਿਆਂ ਇਨ੍ਹਾਂ ਦੇ ਵਿਵਹਾਰਿਕ ਪੱਖ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

## 1.1.2 ਭੂਮਿਕਾ

ਅਜੋਕੇ ਸਮੇਂ ਵਿੱਚ ਮਨੁੱਖੀ ਜੀਵਨ ਦੀ ਤੇਜ਼ ਰਫ਼ਤਾਰ ਵਿੱਚ ਵਧ ਰਹੇ ਸੰਚਾਰ ਸਾਧਨਾਂ ਕਰਕੇ ਸੰਚਾਰ ਬਹੁਤ ਸੁਖਾਲਾ ਹੋ ਗਿਆ ਹੈ। ਇਨ੍ਹਾਂ ਸੰਚਾਰ ਸਾਧਨਾਂ ਵਿੱਚੋਂ ਪੱਤਰਕਾਰੀ ਸਭ ਤੋਂ ਪੁਰਾਣਾ ਤੇ ਲੋਕ ਪ੍ਰਿਯ ਸੰਚਾਰ ਸਾਧਨ ਹੈ। ਇਸ ਪਾਠ ਕ੍ਰਮ ਵਿੱਚ ਪੱਤਰਕਾਰੀ ਜਗਤ ਨਾਲ ਸਬੰਧਤ ਵੱਖ-ਵੱਖ ਸੰਕਲਪਾਂ ਜਿਵੇਂ ਕਿ ਖ਼ਬਰ, ਅਖਬਾਰੀ ਲੇਖ, ਸੰਪਾਦਕੀ ਲੇਖ, ਮਿਡਲ, ਫੀਚਰ ਅਤੇ ਪ੍ਰੈਸ ਰਿਪੋਰਟ ਬਾਰੇ ਸਿਧਾਂਤਿਕ ਚਰਚਾ ਕਰਦਿਆਂ ਵਿਦਿਆਰਥੀਆਂ ਨੂੰ ਇਸਦੇ ਵਿਵਹਾਰਿਕ ਪੱਖ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## 1.1.3 ਪਾਠ ਦੀ ਰੂਪ-ਰੇਖਾ

ਖ਼ਬਰ............ਅਖ਼ਬਾਰੀ ਲੇਖ ਅਤੇ ਸੰਪਾਦਕੀ ਲੇਖ............ਮਿਡਲ.......ਪ੍ਰੈਸ ਰਿਪੋਰਟ

### 1.1.4 ਖ਼ਬਰ

ਖ਼ਬਰ ਨਿਊਜ਼ ਅਤੇ ਸਮਾਚਾਰ ਸ਼ਬਦ ਕਿਸੇ ਵੀ ਘਟਨਾ ਸਬੰਧੀ ਸੂਚਨਾ ਦੇ ਸਮਾਨਅਰਥਕ ਸ਼ਬਦ ਹਨ। ਖ਼ਬਰ ਜਾਂ ਸਮਾਚਾਰ ਬਾਰੇ ਬਹੁਤ ਸਾਰੀਆਂ ਕੋਸ਼ਗਤ ਜਾਂ ਵਿਅਕਤੀਗਤ ਪ੍ਰੀਭਾਸ਼ਾਵਾਂ ਉਪਲੱਬਧ ਹਨ ਪ੍ਰੰਤੂ ਉਹਨਾਂ ਸਾਰੀਆਂ ਉਪਰ ਨਜ਼ਰ ਮਾਰਿਆ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਖ਼ਬਰ ਜਾਂ ਸਮਾਚਾਰ ਬਾਰੇ ਕੋਈ ਵੀ ਪ੍ਰੀਭਾਸ਼ਾ ਮੁਕੰਮਲ ਨਹੀਂ ਹੈ ਇਸਦਾ ਇੱਕ ਕਾਰਨ ਤਾਂ ਖ਼ਬਰ ਨੂੰ ਮਾਧਿਅਮਾਂ ਦੇ ਹਿਸਾਬ ਨਾਲ ਅਲੱਗ-ਅਲੱਗ ਨਜ਼ਰ ਤੋਂ ਵਾਚਣਾ ਹੈ। ਦੂਸਰੀ ਮੁਸ਼ਕਿਲ ਇਹ ਹੈ ਕਿ ਹਰ ਵਿਅਕਤੀ ਦਾ ਖ਼ਬਰ ਸਬੰਧੀ ਨਜ਼ਰੀਆਂ ਅਲੱਗ-ਅਲੱਗ ਹੁੰਦਾ ਹੈ ਜਿਸ ਕਾਰਨ ਕੋਈ ਵੀ ਪ੍ਰੀਭਾਸ਼ਾ ਖ਼ਬਰ ਦੇ ਸਹੀ ਭਾਵ ਜਾਂ ਕਾਰਜ ਨੂੰ ਪੇਸ਼ ਨਹੀਂ ਕਰ ਸਕਦੀ ਇਸ ਦੇ ਬਾਵਜੂਦ ਵੀ ਜੇਕਰ ਅਸੀਂ ਖ਼ਬਰ ਦੇ ਅਰਥਾਂ ਦੀ ਗੱਲ ਕਰਨੀ ਹੋਵੇ ਤਾਂ ਸਾਡੇ ਆਲੇ-ਦੁਆਲੇ ਵਿਚ ਵਾਪਰਨ ਵਾਲੀ ਹਰ ਘਟਨਾ ਖ਼ਬਰ ਹੈ ਚਾਹੇ ਉਹ ਘਟਨਾ ਬੁਰੀ ਹੋਵੇ ਚਾਹੇ ਚੰਗੀ। ਇਸਦਾ ਅਰਥ ਇਹ ਹੋਇਆ ਕਿ ਖ਼ਬਰ ਹਰ ਉਹ ਨਵੀਨ ਜਾਣਕਾਰੀ ਹੈ ਜੋ ਮਨੁੱਖੀ ਦਿਲਚਸਪੀ ਦੇ ਘੇਰੇ ਵਿਚ ਆਉਂਦੀ ਹੈ।

ਖ਼ਬਰ ਸਬੰਧੀ ਬਹੁਤ ਸਾਰੀਆਂ ਪ੍ਰੀਭਾਸ਼ਵਾਂ ਮਿਲਦੀਆਂ ਹਨ ਜਿਹਨਾਂ ਵਿੱਚੋਂ ਕੁੱਝ ਚੋਣਵੀਆਂ ਪ੍ਰੀਭਾਸ਼ਾਵਾਂ ਹੇਠ ਲਿਖੀਆਂ ਹਨ:-

1. ਖ਼ਬਰ ਉਹ ਸੱਚਾਈ ਹੈ ਜਿਸਦਾ ਤੁਹਾਨੂੰ ਕੱਲ੍ਹ ਤੱਕ ਕੁੱਝ ਪਤਾ ਨਹੀਂ ਸੀ।
2. ਅਖ਼ਬਾਰ ਵਿਚ ਛਪੇ ਪਾਠਕਾਂ ਲਈ ਤੱਤਕਾਲੀਨ ਦਿਲਚਸਪੀ, ਮੱਹਤਵ ਵਾਲੇ ਤੱਥਾਂ ਅਤੇ ਘਟਨਾਵਾਂ ਦਾ ਸੰਗ੍ਰਹਿ ਖ਼ਬਰ ਹੈ।
3. ਖ਼ਬਰ ਉਹ ਘਟਨਾ, ਵਿਚਾਰ ਜਾਂ ਰਾਏ ਹੈ ਜਿਹੜੀ ਸਮੇਂ ਸਿਰ ਬਿਆਨੀ ਗਈ ਹੋਵੇ ਅਤੇ ਜਿਹੜੀ ਖਾਸ ਜਨਤਾ ਦੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੋਵੇ।

ਇੱਕ ਸਿਧਾਂਤ ਅਨੁਸਾਰ ਜੋ ਕੁੱਝ ਵੀ ਨਵਾਂ ਹੈ ਉਹ ਖ਼ਬਰ ਹੈ। ਇਸ ਸਿਧਾਂਤ ਅਨੁਸਾਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਨਿਊਜ਼ (News) ਜਿਸਦਾ ਅਰਥ ਵੀ ਨਵਾਂ, ਤਾਜ਼ਾ ਬਣਦਾ ਹੈ, ਵੀ New ਦਾ ਬਹੁਵਾਚੀ ਹੈ।

ਉਪਰੋਕਤ ਪ੍ਰੀਭਾਸ਼ਾ ਤੋਂ ਸਪੱਸ਼ਟ ਹੁੰਦਾ ਹੈ ਕਿ ਹਰ ਵਾਪਰਨ ਵਾਲੀ ਘਟਨਾ ਜਾਂ ਵਰਤਾਰਾ ਜਿਸ ਵਿਚ ਤਾਜ਼ਾਪਨ, ਸੱਜਰਾਪਣ ਹੋਵੇ, ਜੋ ਤੱਥਾਂ ਅਧਾਰਿਤ ਹੋਵੇ ਅਤੇ ਲੋਕਾਂ ਦੀ ਦਿਲਚਸਪੀ ਵਿਚ ਆਉਂਦੀ ਹੋਵੇ ਉਹ ਖ਼ਬਰ ਹੈ। ਖ਼ਬਰ ਲਿਖਣਾ ਵੀ ਇੱਕ ਹੁਨਰ ਹੈ ਜਿਸ ਲਈ ਲਿਖਣ ਵਾਲੇ ਨੇ ਬਹੁਤ ਸਾਰੇ ਨੁਕਤਿਆਂ ਦਾ ਧਿਆਨ ਰੱਖਣਾ ਹੁੰਦਾ ਹੈ ਤਾਂ ਜੋ ਪਾਠਕਾਂ ਤੱਕ ਸੂਚਨਾ ਜਾਂ ਗਿਆਨ ਸੌਖੇ ਅਤੇ ਸਹੀ ਰੂਪ ਵਿਚ ਪਹੁੰਚ ਸਕੇ।

## ਖ਼ਬਰਾਂ ਦੀਆਂ ਵਿਸ਼ੇਸ਼ਤਾਵਾਂ

1. ਤੱਥ ਅਧਾਰਿਤ:- ਖ਼ਬਰ ਹਮੇਸ਼ਾ ਤੱਥਾਂ ਤੇ ਅਧਾਰਿਤ ਹੁੰਦੀ ਹੈ। ਖ਼ਬਰ ਲਿਖਣ ਸਮੇਂ ਕਲਪਨਾ ਲਈ ਕੋਈ ਜਗ੍ਹਾ ਨਹੀਂ ਹੁੰਦੀ ਇਸ ਲਈ ਰਿਪੋਰਟਰ ਦਾ ਇਹ ਫਰਜ਼ ਬਣਦਾ ਹੈ ਕਿ ਹਮੇਸ਼ਾ ਸਹੀ ਤੱਥਾਂ ਨੂੰ ਪੇਸ਼ ਕਰੇ ਅਤੇ ਤੱਥਾਂ ਨੂੰ ਤੋੜਨਾ, ਘਟਾਉਣਾ ਵਧਾਉਣਾ ਉਸਦੀ ਨੈਤਿਕ ਜ਼ਿੰਮੇਵਾਰੀ ਵਿਰੁੱਧ ਹੁੰਦਾ ਹੈ।

2. ਨਿਰਪੱਖਤਾ:- ਖ਼ਬਰ ਲਿਖਣ ਲਈ ਨਿਰਪੱਖਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਜ਼ਰੂਰੀ ਹੈ ਕਿ ਖ਼ਬਰ ਹਮੇਸ਼ਾ ਸਹੀ ਤੱਥਾਂ ’ਤੇ ਅਧਾਰਿਤ ਹੋਵੇ ਅਤੇ ਪੱਖ ਪਾਤ ਤੋਂ ਬਚਿਆ ਜਾਵੇਂ।
3. ਸੰਤੁਲਿਤ:- ਚੰਗੀ ਖ਼ਬਰ ਉਹ ਹੁੰਦੀ ਹੈ ਜਿਸ ਵਿਚ ਸਾਰੀਆਂ ਧਿਰਾਂ ਨੂੰ ਬਰਾਬਰ ਦੀ ਮਹੱਤਤਾ ਦਿੱਤੀ ਜਾਏ। ਜਿਸ ਨਾਲ ਪਾਠਕਾਂ ਦੇ ਵਿਚ ਅਖ਼ਬਾਰ ਦੀ ਪੈਂਠ ਵਧਦੀ ਹੈ।
4. ਸੰਪੂਰਨਤਾ:- ਕਿਸੇ ਵੀ ਖ਼ਬਰ ਦਾ ਸੰਪੂਰਨ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਅਧੂਰੀ ਜਾਣਕਾਰੀ ਅਧਾਰਿਤ ਖ਼ਬਰ ਦਿਸ਼ਾਹੀਣ ਹੁੰਦੀ ਹੈ ਇਸ ਲਈ ਸੰਪੂਰਨਤਾ ਜ਼ਰੂਰੀ ਹੈ।
5. ਸੰਖੇਪਤਾ:- ਕਿਸੇ ਵੀ ਖ਼ਬਰ ਦੇ ਸੰਪੂਰਨ ਹੋਣ ਦੇ ਨਾਲ-ਨਾਲ ਉਸਨੂੰ ਸੰਖੇਪ ਵਿਚ ਲਿਖਣਾ ਬਹੁਤ ਜ਼ਰੂਰੀ ਹੁੰਦਾ ਹੈ ਤਾਂ ਜੋ ਸੂਚਨਾ ਸਾਫ਼ ਅਤੇ ਸਪੱਸ਼ਟ ਰੂਪ ਵਿਚ ਪਾਠਕ ਤੱਕ ਪਹੁੰਚ ਸਕੇ।
6. ਖ਼ਬਰ ਦੀ ਭਾਸ਼ਾ:- ਖ਼ਬਰਾਂ ਲਿਖਣ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਇਸਨੂੰ ਸੌਖੀ ਸ਼ਬਦਾਵਲੀ ਵਿਚ ਲਿਖਿਆ ਜਾ ਸਕੇ ਤਾਂ ਜੋ ਹਰ ਪਾਠਕ ਨੂੰ ਗੱਲ ਸਮਝ ਆ ਸਕੇ ਇਸ ਤੋਂ ਇਲਾਵਾ ਖ਼ਬਰ ਲਿਖਦੇ ਸਮੇਂ ਕਿਸੇ ਧਰਮ, ਜਾਤ ਜਾਂ ਸਮਾਜ ਨਾਲ ਸਬੰਧਿਤ ਲੋਕਾਂ ਦੇ ਜ਼ਜ਼ਬਾਤਾਂ ਵਿਰੁੱਧ ਲਿਖਣ ਤੋਂ ਬਚਣਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਠੇਸ ਨਾ ਪਹੁੰਚੇ।

## ਖ਼ਬਰਾਂ ਦੇ ਤੱਤ

ਖ਼ਬਰ ਦੀ ਇਕ ਮੁਕੰਮਲ ਪ੍ਰੀਭਾਸ਼ਾ ਨਾ ਮਿਲਣ ਵਾਂਗ ਹੀ ਖ਼ਬਰ ਦੇ ਮੂਲ ਤੱਤਾਂ ਬਾਰੇ ਵੀ ਮੱਤ ਭੇਦ ਚੱਲੇ ਆ ਰਹੇ ਹਨ ਪ੍ਰੰਤੂ ਕੁੱਝ ਖੋਜਕਾਰਾਂ ਦੁਆਰਾ ਸਾਂਝੇ ਕੁੱਝ ਤੱਤ ਪੇਸ਼ ਕੀਤੇ ਹਨ ਜਿਹਨਾਂ ਦੁਆਰਾ ਜਾਣਕਾਰੀ ਨੂੰ ਖ਼ਬਰ ਵਿਚ ਤਬਦੀਲ ਕੀਤਾ ਜਾਂਦਾ ਹੈ ਇਹ ਤੱਤ ਹੇਠ ਲਿਖੇ ਹਨ:-

### 1. ਸਮਾਂ ਅਨੁਕੂਲਤਾ:-

ਪਾਠਕਾਂ ਲਈ ਖਿੱਚ ਦਾ ਕੇਂਦਰ ਹਮੇਸ਼ਾ ਤਾਜ਼ੀਆਂ ਅਤੇ ਸੱਜਰੀਆਂ ਖ਼ਬਰਾਂ ਹੀ ਬਣਦੀਆਂ ਹਨ ਇਸ ਲਈ ਜ਼ਰੂਰੀ ਹੈ ਕਿ ਕੋਈ ਵੀ ਘਟਨਾ ਵਾਪਰਨ ਤੋਂ ਘੱਟ ਤੋਂ ਘੱਟ ਸਮੇਂ ਵਿਚ ਪ੍ਰਕਾਸ਼ਿਤ ਹੋਣੀ ਚਾਹੀਦੀ ਹੈ ਭਾਵ ਜਿੰਨੀ ਜਿਲਦੀ ਉਹ ਪਾਠਕਾਂ ਤੱਕ ਪਹੁੰਚੇਗੀ ਉਹਨੀ ਹੀ ਉਹ ਵੱਧ ਪੜ੍ਹੀ ਜਾਵੇਗੀ। ਇਸ ਲਈ ਸਮੇਂ ਸਿਰ ਖ਼ਬਰ ਛਾਪਣਾ ਜ਼ਰੂਰੀ ਹੈ ਇਸ ਨਾਲ ਉਸਦੀ ਅਹਿਮੀਅਤ ਬਣੀ ਰਹਿੰਦੀ ਹੈ।

### 2. ਨੇੜਤਾ:-

ਨੇੜਤਾ ਤੋਂ ਭਾਵ ਇਹ ਹੈ ਕਿ ਪਾਠਕ ਦੀ ਜਿੰਨੀ ਜ਼ਿਆਦਾ ਘਟਨਾ ਸਥਾਨ, ਘਟਨਾ ਵਸਤੂ ਨਾਲ ਨੇੜਤਾ ਹੋਵੇਗੀ ਉਹਨਾਂ ਹੀ ਉਸ ਨਾਲ ਸਬੰਧਿਤ ਖ਼ਬਰ ਪੜ੍ਹਨ ਵਿਚ ਦਿਲਚਸਪੀ ਹੋਵੇਗੀ ਇਹ ਨੇੜਤਾ ਭੂਗੋਲਿਕ, ਜ਼ਜਬਾਤੀ ਦੋਨੋਂ ਤਰ੍ਹਾਂ ਦੀ ਹੋ ਸਕਦੀ ਹੈ।

### 3. ਅਹਿਮੀਅਤ:-

ਜੋ ਖ਼ਬਰ ਵੱਡੀ ਗਿਣਤੀ ਲੋਕਾਂ ਉੱਪਰ ਪ੍ਰਭਾਵ ਪਾਉਂਦੀ ਹੈ ਉਸ ਵਿਚ ਸੁਭਾਵਿਕ ਤੌਰ ’ਤੇ ਹੀ ਅਹਿਮੀਅਤ ਵਾਲਾ ਤੱਤ ਹੁੰਦਾ ਹੈ ਜੋ ਖ਼ਬਰ ਸਮੁੱਚੇ ਜਨ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਹੁੰਦੀ ਹੈ ਉਸ ਦਾ ਸਭ ਤੋਂ ਮੁੱਢਲੇ ਪੰਨੇ ਤੇ ਆਉਣਾ ਲਾਜ਼ਮੀ ਹੁੰਦਾ ਹੈ।

### 4. **ਆਮ ਦਿਲਚਸਪੀ**:-

ਕੁੱਝ ਖ਼ਬਰਾਂ ਸਮਾਜ ਵਿਚ ਵੱਡੀ ਗਿਣਤੀ ਦੇ ਲੋਕਾਂ ਲਈ ਦਿਲਚਸਪੀ ਦਾ ਕਾਰਨ ਬਣਦੀਆਂ ਹਨ ਅਜਿਹੀਆਂ ਖ਼ਬਰਾਂ ਆਮ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਰਸੋਈ ਗੈਸ, ਪੈਟਰੋਲ ਦੀ ਕੀਮਤ ਵੱਧਣ ਨਾਲ ਸਬੰਧਿਤ ਖ਼ਬਰ।

### 5. ਉੱਘਾਪਣ:-

ਉੱਘੀਆਂ ਸਖਸ਼ੀਅਤਾਂ ਹਮੇਸ਼ਾ ਖ਼ਬਰਾਂ ਦਾ ਕੇਂਦਰ ਬਣਦੀਆਂ ਹਨ। ਉਹਨਾਂ ਨਾਲ ਸਬੰਧਿਤ ਜਾਣਕਾਰੀ ਖ਼ਬਰ ਦੀ ਸਮੱਗਰੀ ਬਣਦੀ ਹੈ ਜੋ ਅਖ਼ਬਰਾਂ ਦੀ ਸ਼ਾਨ ਬਣਦੀ ਹੈ।

ਇਹਨਾਂ ਤੋਂ ਬਿਨ੍ਹਾਂ ਕੁੱਝ ਹੋਰ ਤੱਤ ਵੀ ਹਨ ਜਿਵੇਂ:- ਜ਼ੁਰਮ, ਮੌਸਮ, ਮੰਨੋਰਜਨ, ਖੇਡਾਂ ਸਿਹਤ ਆਦਿ। ਇਹਨਾਂ ਨਾਲ ਸਬੰਧਿਤ ਜਾਣਕਾਰੀ ਤੋਂ ਖ਼ਬਰਾਂ ਬਣਦੀਆਂ ਹਨ।

## ਖ਼ਬਰਾਂ ਦੀਆਂ ਕਿਸਮਾਂ

## ਭੋਗੂਲਿਕ ਪੱਧਰ ਉੱਪਰ ਕਿਸਮਾਂ

### 1. ਅੰਤਰਰਾਸ਼ਟਰੀ ਖ਼ਬਰਾਂ:-

ਜੋ ਖ਼ਬਰਾਂ ਆਪਣੇ ਦੇਸ਼ ਤੋਂ ਇਲਾਵਾ ਹੋਰ ਬਾਹਰਲੇ ਮੁਲਕਾਂ ਨਾਲ ਸਬੰਧਿਤ ਹੋਣ ਉਹ ਅੰਤਰਰਾਸ਼ਟਰੀ ਖ਼ਬਰਾਂ ਹੁੰਦੀਆਂ ਹਨ। ਜਿਵੇਂ ਸੰਯੁਕਤ ਰਾਸ਼ਟਰ ਸੰਘ ਦੁਆਰਾ ਲਏ ਫੈਸਲੇ

### 2. ਰਾਸ਼ਟਰੀ ਖ਼ਬਰਾਂ:-

ਜੋ ਖ਼ਬਰਾਂ ਸਾਰੇ ਦੇਸ਼ ਵਿਚ ਮਹੱਤਤਾ ਰੱਖਦੀਆਂ ਹੋਣ ਭਾਵ ਸਾਰੇ ਦੇਸ਼ ਨਾਲ ਸਬੰਧਿਤ ਹੋਣ ਅਤੇ ਸਾਰੇ ਦੇਸ਼ ਵਿਚ ਪੜ੍ਹੀਆਂ ਜਾਂਦੀਆਂ ਹੋਣ ਉਹਨਾਂ ਨੂੰ ਰਾਸ਼ਟਰੀ ਖ਼ਬਰਾਂ ਕਿਹਾ ਜਾਂਦਾ ਹੈ। ਜਿਵੇਂ ਜੀ. ਐਸ. ਟੀ. ਨਾਲ ਸਬੰਧਿਤ ਖ਼ਬਰਾਂ।

### 3. ਪ੍ਰਾਂਤਕ ਖ਼ਬਰਾਂ:-

ਜੋ ਖ਼ਬਰਾਂ ਇਕ ਸੂਬੇ ਤੱਕ ਸੀਮਤ ਹੋਣ ਉਹਨਾਂ ਨੂੰ ਪ੍ਰਾਂਤਕ ਖ਼ਬਰਾਂ ਕਿਹਾ ਜਾਂਦਾ ਹੈ ਜਿਵੇਂ ਪੰਜਾਬ ਦੀ ਕੈਬਨਿਟ ਮੰਤਰੀ ਮੰਡਲ ਵੱਲੋਂ ਲਿਆ ਕੋਈ ਫੈਸਲਾ।

### 4. ਸਥਾਨਿਕ ਖ਼ਬਰਾਂ:-

ਜੋ ਖ਼ਬਰਾਂ ਅਖ਼ਬਾਰ ਦੇ ਛਪਣ ਵਾਲੇ ਏਰੀਏ ਨਾਲ ਸਬੰਧਤ ਹੋਣ ਅਤੇ ਉਸ ਸਬੰਧਿਤ ਪੰਨੇ ਉੱਪਰ ਹੀ ਛਪਣ ਉਹ ਸਥਾਨਕ ਖ਼ਬਰਾਂ ਹੁੰਦੀਆਂ ਹਨ ਜਿਵੇਂ ਬਠਿੰਡਾ ਮਾਨਸਾ ਬਾਣੀ ਉੱਪਰ ਛਪੀ ਖ਼ਬਰ।

ਖ਼ਬਰਾਂ ਨੂੰ ਅਸੀਂ ਸਮਾਨੁਕੂਲਤਾ ਦੇ ਅਧਾਰ ਤੇ ਵੀ ਦੋ ਭਾਗਾਂ ਵਿਚ ਵੰਡ ਸਕਦੇ ਹਾਂ।

### 1. ਹਾਰਡ ਨਿਊਜ਼:-

ਹਾਰਡ ਨਿਊਜ਼ ਉਹਨਾਂ ਖ਼ਬਰਾਂ ਨੂੰ ਕਿਹਾ ਜਾਂਦਾ ਹੈ ਜਿਹਨਾਂ ਉੱਪਰ ਸਮੇਂ ਦੀ ਪਾਬੰਦੀ ਹੁੰਦੀ ਹੈ ਭਾਵ ਉਹਨਾਂ ਦਾ ਰੋਜ਼ਾਨਾ ਅਖ਼ਬਾਰ ਵਿਚ ਛਪਣਾ ਜ਼ਰੂਰੀ ਹੁੰਦਾ ਹੈ ਇਹਨਾਂ ਨੂੰ ਕਿਸੇ ਵੀ ਹਾਲਾਤ ਵਿਚ ਲੇਟ ਨਹੀਂ ਕੀਤਾ ਜਾ ਸਕਦਾ ਉਦਾਹਰਨ ਵਜੋਂ:- ਆਉਣ ਵਾਲੀ ਮੌਸਮ ਤਬਦੀਲੀ ਖ਼ਬਰ।

## 2. ਸੋਫ਼ਟ ਨਿਊਜ਼ (Soft News):-

ਇਸ ਵਰਗ ਵਿਚ ਉਹ ਖ਼ਬਰਾਂ ਆ ਜਾਂਦੀਆਂ ਹਨ ਜਿਹਨਾਂ ਦੇ ਛਪਣ ਉੱਪਰ ਸਮੇਂ ਦੀ ਪਾਬੰਦੀ ਨਹੀਂ ਹੁੰਦੀ ਭਾਵ ਇਹਨਾਂ ਨੂੰ ਕੁੱਝ ਸਮੇਂ ਲਈ ਅੱਗੇ ਪਾਇਆ ਜਾ ਸਕਦਾ ਹੈ ਇਹਨਾਂ ਨੂੰ ਜਲਦੀ ਪ੍ਰਕਾਸ਼ਿਤ ਕਰਨ ਲਈ ਮਜ਼ਬੂਰੀ ਨਹੀਂ ਹੁੰਦੀ।

## ਲਿਖਣ ਸ਼ੈਲੀ ਦੇ ਆਧਾਰ ਤੇ ਕਿਸਮਾਂ

## 1. ਸਿੱਧੀਆਂ ਖ਼ਬਰਾਂ:-

ਸਿੱਧੀਆਂ ਖ਼ਬਰਾਂ ਉਹ ਹਨ ਜੋ ਸ਼ਪੱਸ਼ਟ ਰੂਪ ਵਿਚ ਤੱਥ ਭਰਪੂਰ ਜਾਣਕਾਰੀ ਮਹੁੱਈਆ ਕਰਵਾਉਂਦੀਆਂ ਹਨ। ਇਸ ਪ੍ਰਕਾਰ ਦੀਆਂ ਖ਼ਬਰਾਂ ਕਿਸੇ ਘਟਨਾ ਜਾਂ ਗਰੁੱਪ ਪ੍ਰਤੀ ਸਿੱਧੀ, ਸਪੱਸ਼ਟ ਜਾਣਕਾਰੀ ਦਿੰਦੀਆਂ ਹਨ ਜਿਸ ਵਿਚ ਬਹੁਤੀ ਕਿਸੇ ਪ੍ਰਕਾਰ ਦੀ ਵਿਆਖਿਆ, ਖੋਜ ਅਤੇ ਵਾਦ-ਵਿਵਾਦ ਦੀ ਗੁੰਜਾਇਸ਼ ਨਹੀਂ ਹੁੰਦੀ

## 2. ਵਿਆਖਿਆਤਮਕ ਖ਼ਬਰਾਂ:-

ਇਹ ਖ਼ਬਰਾਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਸਬੰਧੀ ਖੋਜ, ਛਾਣਬੀਣ ਅਤੇ ਵਿਆਖਿਆ ਦੀ ਲੋੜ ਹੁੰਦੀ ਹੈ ਅਜਿਹੀਆਂ ਖ਼ਬਰਾਂ ਲਈ ਜੋ ਤੱਤ ਹੁੰਦੇ ਹਨ ਉਹ ਆਮ ਪਾਠਕਾਂ ਦੀ ਸਮਝ ਤੋਂ ਬਾਹਰ ਹੁੰਦੇ ਹਨ. ਇਸ ਲਈ ਪੱਤਰਕਾਰਾਂ ਜਾਂ ਸੰਪਾਦਕਾਂ ਲਈ ਅਜਿਹੀਆਂ ਖ਼ਬਰਾਂ ਬਣਾਉਣ ਸਮੇਂ ਵਿਆਖਿਆ ਕਰਕੇ ਸਰਲ ਭਾਸ਼ਾ ਵਿਚ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ ਅਜਿਹੀਆਂ ਖ਼ਬਰਾਂ ਬਣਾਉਂਦੇ ਸਮੇਂ ਸਾਵਧਾਨੀ ਵਰਤਣੀ ਪੈਦੀ ਹੈ ਕਿਉਂਕਿ ਅਜਿਹੀਆਂ ਖ਼ਬਰਾਂ ਵਾਦ-ਵਿਵਾਦ ਦਾ ਮੁੱਦਾ ਬਣ ਸਕਦੀਆਂ ਹਨ। ਉਦਾਹਰਨ ਵਜੋਂ: ਕਾਨੂੰਨ ਨਾਲ ਸਬੰਧਿਤ ਖ਼ਬਰਾਂ, ਆਰਥਿਕਤਾ, ਜਾਤੀ, ਧਰਮ ਨਾਲ ਸਬੰਧਿਤ ਖ਼ਬਰਾਂ।

## ਵਿਸ਼ੇ ਦੇ ਅਧਾਰ ਤੇ ਖ਼ਬਰਾਂ ਦੀਆਂ ਕਿਸਮਾਂ

1. ਰਾਜਨੀਤਿਕ ਖ਼ਬਰਾਂ
2. ਮੌਸਮ ਸਬੰਧੀ ਖ਼ਬਰਾਂ
3. ਖੇਡਾਂ ਸਬੰਧੀ ਖ਼ਬਰਾਂ
4. ਵਿਗਿਆਨ ਨਾਲ ਸਬੰਧਿਤ ਖ਼ਬਰਾਂ
5. ਸੱਭਿਆਚਾਰਕ ਖ਼ਬਰਾਂ
6. ਖੇਤੀ ਬਾੜੀ ਖ਼ਬਰਾਂ
7. ਮੰਨੋਰੰਜਨ ਨਾਲ ਸਬੰਧਿਤ ਖ਼ਬਰਾਂ
8. ਆਰਥਿਕ ਖ਼ਬਰਾਂ
9. ਸਿਖਿਆ ਅਤੇ ਸਿਹਤ ਨਾਲ ਸਬੰਧਿਤ ਖ਼ਬਰਾਂ

# ਖ਼ਬਰਾਂ ਦੀਆਂ ਕਿਸਮਾਂ ਦੇ ਨਮੂਨੇ

## ਰਾਸ਼ਟਰੀ ਖਬਰਾਂ

### ਵੱਡੇ ਵਾਅਦਿਆਂ ਨਾਲ ਸਿੱਧੂ ਵੱਲੋਂ ਨਵੀਂ ਸ਼ੁਰੂਆਤ

### ਕੈਪਟਨ ਦੀ ਹਾਜ਼ਰੀ ਨੇ 'ਸਭ ਅੱਛਾ' ਹੋਣ ਦੇ ਦਿੱਤੇ ਸੰਕੇਤ; ਸਿੱਧੂ ਨੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦਾ ਕੀਤਾ ਵਾਅਦਾ

### ਪ੍ਰਧਾਨਗੀ ਦਾ ਅਹੁਦਾ ਸੰਭਾਲੇ ਜਾਣ ਮੌਕੇ ਕਿਸਾਨੀ ਅਤੇ ਬੇਅਦਬੀ ਦੇ ਮੁੱਦੇ ਛਾਏ

**ਚਰਨਜੀਤ ਭੁੱਲਰ (ਚੰਡੀਗੜ੍ਹ), 23 ਜੁਲਾਈ :**

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਨਵੀਂ ਸਿਆਸੀ ਪਾਰੀ ਦੀ ਸ਼ੁਰੂਆਤ ਕਰਦਿਆਂ ਪੰਜਾਬੀਆਂ ਨਾਲ ਵਾਅਦਾ ਕੀਤਾ ਕਿ ਉਨ੍ਹਾਂ ਦੀ ਪ੍ਰਧਾਨਗੀ ਦਾ ਮਿਸ਼ਨ ਸੂਬੇ ਦੇ ਵੱਡੇ ਮਸਲੇ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਮੁਲਕ ਦੇ ਕਿਸਾਨਾਂ ਵੱਲੋਂ ਦਿੱਲੀ 'ਚ ਕੀਤੇ ਜਾ ਰਹੇ ਸੰਘਰਸ਼ ਨੂੰ ਸਭ ਤੋਂ ਵੱਡਾ ਮਸਲਾ ਕਰਾਰ ਦਿੱਤਾ। ਸਿੱਧੂ ਨੇ ਬੇਦਅਬੀ ਦੇ ਮਾਮਲੇ ਨੂੰ ਵੀ ਜ਼ੋਰ-ਸ਼ੋਰ ਨਾਲ ਚੁੱਕਿਆ। ਲੰਮੀ ਸਿਆਸੀ ਖਿੱਚੋਤਾਣ ਮਗਰੋਂ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੱਧੂ ਸਿਆਸੀ ਮੰਚ 'ਤੇ ਇਕੱਠੇ ਦਿਖਾਈ ਦਿੱਤੇ।

ਕਾਂਗਰਸ ਭਵਨ 'ਚ ਅਹੁਦਾ ਸੰਭਾਲ ਸਮਾਗਮ ਮੌਕੇ ਹੋਏ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਨਵਜੋਤ ਸਿੱਧੂ ਨੇ ਆਪਣੇ ਅੰਦਾਜ਼ 'ਚ ਕਿਹਾ ਕਿ ਉਹ ਪੰਜਾਬ ਦੇ ਕਲਿਆਣ ਲਈ ਸਾਰਿਆਂ ਨੂੰ ਨਾਲ ਲੈ ਕੇ ਚੱਲਣਗੇ। ਸਮਾਗਮ ਦੌਰਾਨ ਕੈਪਟਨ ਦੀ ਹਾਜ਼ਰੀ ਨੇ ਪਾਰਟੀ 'ਚ 'ਸਭ ਅੱਛਾ' ਹੋਣ ਦਾ ਪ੍ਰਭਾਵ ਦਿੱਤਾ। ਅਮਰਿੰਦਰ ਸਿੰਘ ਅਤੇ ਸਿੱਧੂ ਦੇ ਇੱਕ ਮੰਚ 'ਤੇ ਆਉਣ ਨੂੰ ਪਾਰਟੀ ਲਈ ਸ਼ੁਭ ਸੰਕੇਤ ਦੱਸਿਆ ਜਾ ਰਿਹਾ ਹੈ। ਪਾਰਟੀ ਦੇ ਵੱਡੇ ਚਿਹਰੇ ਇੱਕੋਂ ਫਰੇਮ 'ਚ ਦਿਖਾਈ ਦਿੱਤੇ।

### ਜਾਖੜ ਨੇ ਲਾਏ ਅਫ਼ਸਰਾਂ ਨੂੰ ਰਗੜੇ :

ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਆਪਣਾ ਦਿਲ ਹੌਲਾ ਕਰਦਿਆਂ ਭਾਵੁਕ ਰੌਅ ਵਿੱਚ ਬੇਬਾਕੀ ਨਾਲ ਗੱਲ ਰੱਖੀ ਜਿਸ ਨੇ ਪੰਜਾਬ 'ਤੇ ਗਹਿਰਾ ਅਸਰ ਛੱਡਿਆ। ਜਾਖੜ ਨੇ ਅਫਸਰਸ਼ਾਹੀ 'ਤੇ ਜ਼ੋਰਦਾਰ ਹੱਲਾ ਬੋਲਦਿਆ ਕਿਹਾ, "ਅਕਾਲੀਆਂ ਨੂੰ ਰੈੱਡ ਕਾਰਪੇਟ ਨੇ ਮਾਰਿਆ ਅਤੇ ਕਾਂਗਰਸ ਨੂੰ ਨੌਕਰਸ਼ਾਹੀ ਮਾਰ ਗਈ। ਹੁਣ ਜਦੋਂ ਤੱਕ ਵਰਕਰਾਂ ਨੂੰ ਪਤਾ ਨਹੀਂ ਲੱਗੂ ਕਿ ਪੰਜਾਬ ਵਿਚ ਅਫਸਰਸ਼ਾਹੀ ਦੀ ਨਹੀਂ ਬਲਕਿ ਉਨ੍ਹਾਂ ਦੀ ਆਪਣੀ ਸਰਕਾਰ ਹੈ, ਉਦੋਂ ਤੱਕ ਗੱਲ ਨਹੀਓਂ ਬਣਨੀ।" ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਫ਼ਸਰਸ਼ਾਹੀ ਨੇ ਬਹੁਤ ਅੜਿੱਕੇ ਖੜ੍ਹੇ ਕੀਤੇ ਹਨ। ਜਾਖੜ ਨੇ ਕਿਹਾ ਕਿ ਕਾਲੇ ਕਾਨੂੰਨਾਂ ਨੇ ਭਾਜਪਾ ਨੂੰ ਘਰੇ ਬਿਠਾ ਦਿੱਤਾ ਹੈ। ਉਨ੍ਹਾਂ ਹਾਈਕਮਾਨ ਨੂੰ ਕਿਹਾ ਕਿ ਜੇਕਰ ਕਾਂਗਰਸ ਨੇ ਮੁੜ ਉੱਠਣਾ ਹੈ ਤਾਂ ਇਸ ਦਾ ਰਸਤਾ ਪੰਜਾਬ ਵਿਚੋਂ ਦੀ ਜਾਂਦਾ ਹੈ ਅਤੇ ਕੋਟਕਪੂਰਾ/ਬਹਿਬਲ ਕਲਾਂ ਦੇ ਮੁੱਦੇ ਹੱਲ ਕਰਕੇ ਕਾਂਗਰਸ ਮੁੜ ਸੱਤਾ 'ਤੇ ਕਾਬਜ਼ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਧਰਨੇ ਵਾਲੀ ਥਾਂ 'ਤੇ

ਲੈ ਕੇ ਆਉਣਾ ਪਊ। ਜਾਖਰ ਨੇ ਪਾਰਟੀ ਦੀ ਪਿੱਠ 'ਚ ਛੁਰੇ ਮਾਰਨ ਵਾਲਿਆਂ ਦਾ ਚੇਤਾ ਵੀ ਮੁੱਖ ਮੰਤਰੀ ਨੂੰ ਕਰਾਇਆ।

## ਇਕੱਠੇ ਚੱਲਣਾ ਕਾਂਗਰਸ ਦੀ ਪਰੰਪਰਾ : ਰਾਵਤ

ਚੰਡੀਗੜ੍ਹ : ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਇਸ ਮੌਕੇ ਪੰਜਾਬ ਕਾਂਗਰਸ ਦੀ ਨਵੀਂ ਟੀਮ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਨਵਜੋਤ ਸਿੱਧੂ ਨਵੀਂ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਇਹ ਕਾਂਗਰਸ ਦੀ ਪਰੰਪਰਾ ਰਹੀ ਹੈ ਕਿ ਸਾਰੇ ਇਕੱਠੇ ਚੱਲਣ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਸ਼ੇਰ ਦੱਸਦਿਆਂ ਕਿਹਾ ਕਿ 'ਸ਼ੇਰ ਕਦੇ ਬੁੱਢਾ ਨਹੀਂ ਹੁੰਦਾ ਹੈ।' ਉਨ੍ਹਾਂ ਉਮੀਦ ਕੀਤੀ ਕਿ ਅਗਲੀਆਂ ਚੋਣਾਂ ਵਿਚ ਪੰਜਾਬ ਅਤੇ ਉੱਤਰਾਖੰਡ ਵਿਚ ਕਾਂਗਰਸ ਦੀ ਸਰਕਾਰ ਬਣੇਗੀ।

## ਕਾਂਗਰਸ ਭਵਨ 'ਚ ਬਿਸਤਰਾ ਲਾਉਣਗੇ ਸਿੱਧੂ

ਨਵਜੋਤ ਸਿੱਧੂ ਨੇ ਪਾਰਟੀ ਵਰਕਰਾਂ ਨਾਲ ਵਾਅਦਾ ਕੀਤਾ ਕਿ ਉਹ 15 ਅਗਸਤ ਤੋਂ ਆਪਣਾ ਬਿਸਤਰਾ ਕਾਂਗਰਸ ਭਵਨ ਵਿਚ ਲਾ ਲੈਣਗੇ। ਉਨ੍ਹਾਂ ਮੰਤਰੀਆਂ ਨੂੰ ਵੀ ਮਸ਼ਵਰਾ ਦਿੱਤਾ ਕਿ ਉਹ ਵੀ ਰੋਜ਼ਾਨਾ ਤਿੰਨ-ਤਿੰਨ ਘੰਟੇ ਪਾਰਟੀ ਵਰਕਰਾਂ ਦੇ ਮਸਲੇ ਹੱਲ ਕਰਨ ਵਾਸਤੇ ਭਵਨ ਵਿਚ ਸਮਾਂ ਦੇਣ। ਚੇਤੇ ਰਹੇ ਕਿ ਪਾਰਟੀ ਦੇ ਸਾਬਕਾ ਪ੍ਰਧਾਨ ਮਰਹੂਮ ਬੇਅੰਤ ਸਿੰਘ, ਸ਼ਮਸ਼ੇਰ ਸਿੰਘ ਦੂਲੋ ਅਤੇ ਸਾਬਕਾ ਪ੍ਰਧਾਨ ਐੱਚ. ਐੱਸ ਹੰਸਪਾਲ ਬਕਾਇਦਾ ਕਾਂਗਰਸ ਭਵਨ ਵਿਚ ਵਧੇਰੇ ਸਮਾਂ ਗੁਜ਼ਾਰਦੇ ਰਹੇ ਸਨ।

## ਕਸ਼ਮੀਰੀਆਂ ਦੇ ਫੋਨ ਨੰਬਰ ਵੀ 'ਪੈਗਾਸਸ' ਦੇ ਘੇਰੇ 'ਚ

## ਵੱਖਵਾਦੀ ਆਗੂ ਲੋਨ ਤੇ ਗਿਲਾਨੀ ਦੇ ਫੋਨ 'ਚ ਜਾਸੂਸੀ ਸੌਫਟਵੇਅਰ ਦੀ ਗਤੀਵਿਧੀ ਦੇ ਸੰਕੇਤ ਮਿਲੇ

**ਨਵੀਂ ਦਿੱਲੀ, 23 ਜੁਲਾਈ :** ਕਸ਼ਮੀਰ ਵਾਦੀ ਨਾਲ ਸਬੰਧਤ 25 ਤੋਂ ਵੱਧ ਲੋਕਾਂ ਦੇ ਫੋਨ ਨੰਬਰ ਵੀ ਇਜ਼ਰਾਇਲੀ ਕੰਪਨੀ ਐਨਐੱਸਓ ਦੇ ਸੌਫਟਵੇਅਰ (ਜਾਸੂਸੀ ਸੌਫਟਵੇਅਰ) 'ਪੈਗਾਸਸ' ਨਾਲ ਜਾਸੂਸੀ ਕਰਨ ਲਈ ਚੁਣੇ ਗਏ ਸਨ। ਫੋਰੈਂਸਿਕ ਸਬੂਤ ਦੱਸਦੇ ਹਨ ਕਿ 'ਪੈਗਾਸਸ' ਦੀ ਵਰਤੋਂ ਕਰ ਕੇ ਕਸ਼ਮੀਰ ਵਿਚ ਫੋਨ ਨੰਬਰਾਂ ਦੀ ਜਾਸੂਸੀ ਕਰਨ ਦੇ ਯਤਨ ਕੀਤੇ ਗਏ ਹਨ। ਦਿੱਲੀ ਅਧਾਰਿਤ ਇਕ ਕਸ਼ਮੀਰੀ ਪੱਤਰਕਾਰ ਤੇ ਇਕ ਉੱਘਾ ਸਮਾਜਿਕ ਕਾਰਕੁਨ ਵੀ ਜਾਸੂਸੀ ਦੇ ਘੇਰੇ ਵਿਚ ਆਇਆ ਹੈ ਜੋ ਕਿ ਜੰਮੂ ਕਸ਼ਮੀਰ ਬਾਰੇ ਸਰਕਾਰੀ ਨੀਤੀ ਦਾ ਆਲੋਚਕ ਰਿਹਾ ਹੈ। 25 ਤੋਂ ਵੱਧ ਨੰਬਰ ਅਜਿਹੇ ਹਨ ਜਿਨ੍ਹਾਂ ਨੂੰ 2017 ਤੋਂ 2019 ਦੇ ਅੱਧ ਤੱਕ 'ਪੈਗਾਸਸ' ਦੇ ਘੇਰੇ ਵਿਚ ਲਿਆਉਣ ਲਈ ਚੁਣਿਆ ਗਿਆ ਸੀ। ਇਨ੍ਹਾਂ ਦੀ ਚੋਣ ਕਿਸੇ ਭਾਰਤੀ ਏਜੰਸੀ ਨੇ ਕੀਤੀ ਸੀ ਜੋ ਕਿ ਐਨਐੱਸਓ ਦੀਆਂ ਸੇਵਾਵਾ ਲੈਂਦੀ ਹੈ। ਦੱਸਣਯੋਗ ਹੈ ਕਿ ਨੰਬਰਾਂ ਦਾ ਜਿਹੜਾ ਡੇਟਾਬੇਸ ਲੀਕ ਹੋਇਆ ਹੈ ਉਸ ਦੀ ਖ਼ਬਰ ਵੈੱਬਸਾਈਟ 'ਦਿ ਵਾਇਰ' ਨੇ ਸਮੀਖਿਆ ਕੀਤੀ ਹੈ।

## ਰਾਹੁਲ ਗਾਂਧੀ ਨੇ ਮੋਦੀ 'ਤੇ ਲਾਇਆ ਦੇਸ਼ਧ੍ਰੋਹ ਦਾ ਦੋਸ਼

**ਨਵੀਂ ਦਿੱਲੀ, 23 ਜੁਲਾਈ :** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਅੱਜ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੈਗਾਸਸ ਸੌਫਟਵੇਅਰ ਦੀ ਵਰਤੋਂ ਦੇਸ਼, ਇਸ ਦੀਆਂ ਸੰਸਥਾਵਾਂ ਤੇ ਲੋਕਤੰਤਰ ਦੇ ਖਿਲਾਫ਼ ਕੀਤੀ ਹੈ, ਤੇ ਇਸ ਸਭ ਲਈ ਇਕੋ ਇਕ ਸ਼ਬਦ ਹੈ 'ਦੇਸ਼ਧ੍ਰੋਹ'। ਰਾਹੁਲ ਨੇ ਨਾਲ ਹੀ ਕਿਹਾ ਕਿ ਜਿਹੜਾ ਵੀ ਫੋਨ ਉਨ੍ਹਾਂ ਵਰਤਿਆ, ਉਸ ਦੀ ਜਾਸੂਸੀ ਕੀਤੀ ਗਈ। ਸਾਬਕਾ ਕਾਂਗਰਸ ਪ੍ਰਧਾਨ ਨੇ ਇਸ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਵਾਉਣ ਦੀ ਮੰਗ ਕੀਤੀ ਹੈ।

## ਕਿਸਾਨ ਸੰਸਦ ਵਿੱਚ 'ਖੇਤੀ ਮੰਤਰੀ' ਨੂੰ ਅਸਤੀਫ਼ਾ ਦੇਣਾ ਪਿਆ

## ਮੰਡੀਆਂ ਭੰਗ ਕਰਨ ਵਾਲੇ 'ਫਾਰਮਰਜ਼ ਪ੍ਰੋਡਿਊਸ ਟਰੇਡ ਕਾਮਰਸ ਕਾਨੂੰਨ' ਬਾਰੇ ਨਾ ਦੇ ਸਕੇ ਤਸੱਲੀਬਖਸ਼ ਜਵਾਬ

## 'ਪੀਪਲਜ਼ ਵ੍ਹਿਪ' ਦੀ ਉਲੰਘਣਾ ਕਰਕੇ ਸਿੱਧੂ ਦੇ ਤਾਜਪੋਸ਼ੀ ਸਮਾਗਮ 'ਚ ਗਏ ਸੰਸਦ ਮੈਂਬਰਾਂ ਖ਼ਿਲਾਫ਼ 'ਨਿਖੇਧੀ ਮਤਾ' ਪਾਸ ਕੀਤਾ

### ਮਨਧੀਰ ਸਿੰਘ ਦਿਓਲ

**ਨਵੀਂ ਦਿੱਲੀ, 23 ਜੁਲਾਈ :** ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਚਲਾਈ ਜਾ ਰਹੀ 'ਕਿਸਾਨ ਸੰਸਦ' ਦੇ ਦੂਜੇ ਦਿਨ ਕਿਸਾਨਾਂ ਦੇ 200 ਨੁਮਾਇੰਦਿਆਂ ਵੱਲੋਂ ਇਸ ਸੰਸਦ ਦੇ ਥਾਪੇ ਗਏ ਖੇਤੀ ਮੰਤਰੀ ਰਵਨੀਤ ਸਿੰਘ ਬਰਾੜ ਨੂੰ ਅਸਤੀਫ਼ਾ ਦੇਣਾ ਪਿਆ ਕਿਉਂਕਿ ਉਹ ਪ੍ਰਾਈਵੇਟ ਮੰਡੀਆਂ ਅਤੇ 'ਏਪੀਐਮਸੀ ਮੰਡੀਆਂ' ਭੰਗ ਕਰਨ ਵਾਲੇ 'ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ ਕਾਨੂੰਨ' ਤਹਿਤ ਤਸੱਲੀਬਖਸ਼ ਜਵਾਬ ਨਾ ਦੇ ਸਕੇ।

ਕਿਸਾਨ-ਸੰਸਦ ਦੀ ਇਸ ਸੰਕੇਤਕ ਕਾਰਵਾਈ ਰਾਹੀਂ ਕੇਂਦਰ ਸਰਕਾਰ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਕਿਸਾਨਾਂ ਦੀ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਮੰਨੀ ਜਾਵੇ। ਕਿਸਾਨ ਸੰਸਦ ਨੇ 'ਪੀਪਲਜ਼ ਵ੍ਹਿਪ' ਦੀ ਉਲੰਘਣਾ ਕਰਕੇ ਸੰਸਦ ਵਿੱਚੋਂ ਗੈਰਹਾਜ਼ਰ ਰਹਿ ਕੇ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਤਾਜਪੋਸ਼ੀ ਸਮਾਗਮ ਵਿੱਚ ਜਾਣ ਖ਼ਿਲਾਫ 'ਨਿਖੇਧੀ ਮਤਾ' ਵੀ ਪਾਸ ਕੀਤਾ ਗਿਆ।

ਕਿਸਾਨ ਸੰਸਦ ਦੀ ਅੱਜ ਦੀ ਕਾਰਵਾਈ ਵਿੱਚ ਇੱਕ ਪ੍ਰਸ਼ਨ ਕਾਲ ਸ਼ਾਮਲ ਸੀ ਅਤੇ ਬਹਿਸ ਏਪੀ.ਐਮ.ਸੀ. ਬਾਈਪਾਸ (ਬਾਕੀ ਸਫਾ 12)

## ਕਿਸਾਨ ਸੰਸਦ ਵੱਲੋਂ ਪਾਸ ਛੇ ਸੰਕਲਪ

* ਏਪੀਐੱਮਸੀ ਬਾਈਪਾਸ ਐਕਟ ਦੀਆਂ ਵਿਵਸਥਾਵਾਂ ਮੌਜੂਦਾ ਪ੍ਰਬੰਧਾਂ ਤੇ ਕਿਸਾਨੀ ਹਿੱਤਾ ਦੀਆਂ ਕੀਮਤਾਂ ਉੱਪਰ ਕੰਪਨੀਆਂ ਤੇ ਵਪਾਰੀਆਂ ਦੇ ਪੱਖ ਵਿੱਚ ਤਿਆਰ ਕੀਤੀਆਂ ਗਈਆਂ ਹਨ, ਜੋ ਮੌਜੂਦਾ ਨਿਯਮਾਂ ਤੇ ਨਿਗਰਾਨੀ ਤੰਤਰ ਨੂੰ ਖ਼ਤਮ ਕਰਕੇ ਕਾਰਪੋਰੇਟ ਦੇ ਦਬਦਬੇ ਨੂੰ ਵਧਾਉਣਗੀਆਂ।

* ਜੂਨ, 2020 ਤੋਂ ਜਨਵਰੀ 2021 ਤੱਕ ਏਪੀਐੱਮਸੀ ਬਾਈਪਾਸ ਦੇ ਮਾੜੇ ਤਜਰਬੇ ਨੂੰ ਧਿਆਨ ਵਿੱਚ ਰੱਖਦਿਆਂ ਗ਼ੈਰ-ਰਜਿਸਟਰਡ ਵਾਪਰੀਆਂ ਵੱਲੋਂ ਭੁਗਤਾਨ ਕਰਨ ’ਤੇ ਧੋਖਾ ਕਰਕੇ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਸਰਕਾਰੀ ਮੰਡੀਆਂ ਦਾ ਵੀ ਨੁਕਸਾਨ ਹੋਇਆ।

* ਇਸ ਸਿੱਟੇ ’ਤੇ ਪਹੁੰਚਣ ’ਤੇ ਕਿ ਏਪੀਐੱਸੀ ਬਾਈਪਾਸ ਐਕਟ ਕਾਰਨ, ਜ਼ਿਆਦਾਤਰ ਮੰਡੀਆਂ ਹੌਲੀ ਹੌਲੀ ਗਾਇਬ ਹੋ ਜਾਣਗੀਆਂ, ਕਿਉਂਕਿ ਕਾਰਪੋਰੇਟ ਤੇ ਵਪਾਰੀ ਐਕਟ ਰਾਹੀਂ ਬਣਾਏ ਗਏ ਨਿਯਮ ‘ਵਪਾਰਕ ਖੇਤਰਾਂ’ ਵੱਲ ਵਧ ਰਹੇ ਹਨ।

* ਇਹ ਸੁਣਦਿਆ ਕਿ ਕਿਸਾਨਾਂ ਨੂੰ ਵਧੇਰੇ ਮੰਡੀਆਂ ਦੀ ਜ਼ਰੂਰਤ ਹੈ, ਮੰਡੀਆਂ ਵਿੱਚ ਘਾਟ ਨਹੀਂ ਤੇ ਸਰਕਾਰ ਨੂੰ ਸਰਕਾਰੀ ਵਪਾਰ ਤੇ ਭੰਡਾਰਨ ਦੀਆਂ ਸਹੂਲਤਾਂ ਦੇ ਵਿਕਾਸ ਵਿੱਚ ਨਿਵੇਸ਼ ਕਰਨ ਦੀ ਜ਼ਰੂਰਤ ਹੈ ਤੇ ਕਿਸਾਨਾਂ ਨੂੰ ਕਾਰਪੋਰੇਟਾਂ ਦੇ ਚੁੰਗਲ ਵਿੱਚ ਨਹੀਂ ਛੱਡਣਾ ਚਾਹੀਦਾ। (ਬਾਕੀ ਸਫਾ 12)

## ਅੰਤਰਰਾਸ਼ਟਰੀ ਖਬਰਾਂ

### ਤੁਰਕੀ : ਪ੍ਰਵਾਸੀਆਂ ਨੂੰ ਯੂਰੋਪ ਲਿਜਾ ਰਹੀ ਕਿਸ਼ਤੀ ਡੁੱਬੀ

**ਇਸਤਾਂਬੁਲ :** ਤੁਰਕੀ ਦੇ ਰੱਖਿਆ ਮੰਤਰਾਲੇ ਮੁਤਾਬਕ 45 ਪ੍ਰਵਾਸੀਆਂ ਨੂੰ ਲਿਜਾ ਰਹੀ ਇਕ ਕਿਸ਼ਤੀ ਏਜੀਅਨ ਸਾਗਰ ਵਿਚ ਡੁੱਬ ਗਈ ਹੈ। ਮੰਤਰਾਲੇ ਮੁਤਾਬਕ ਕਿਸ਼ਤੀ ਗ੍ਰੀਕ ਟਾਪੂ ਕੈਰਪਾਥੋਸ ਤੋਂ 60 ਮੀਲ ਦੂਰ ਡੁੱਬੀ ਹੈ। ਡੁੱਬਣ ਵਾਲਿਆਂ ਦੀ ਭਾਲ ਲਈ ਦੋ ਸਮੁੰਦਰੀ ਜਹਾਜ਼ਾਂ ਤੇ ਇਕ ਹਵਾਈ ਜਹਾਜ਼ ਨੂੰ ਲਾਇਆ ਗਿਆ ਹੈ। ਇਹ ਪ੍ਰਵਾਸੀ ਤੁਰਕੀ ਤੋਂ ਸਾਗਰ ਪਾਰ ਕਰ ਕੇ ਗਰੀਸ ਜਾਣਾ ਚਾਹੁੰਦੇ ਸਨ ਤਾਂ ਕਿ ਯੂਰਪ ਵਿਚ ਨਵੀਂ ਜ਼ਿੰਦਗੀ ਸ਼ੁਰੂ ਕਰ ਸਕਣ। -ਏਪੀ.

### ਰਾਸ਼ਟਰਪਤੀ ਭਵਨ ਅਤੇ ਅਜਾਇਬਘਰ ਲੋਕਾਂ ਲਈ ਪਹਿਲੀ ਅਗਸਤ ਤੋਂ ਖੁੱਲ੍ਹੇਗਾ

**ਨਵੀਂ ਦਿੱਲੀ :** ਰਾਸ਼ਟਰਪਤੀ ਭਵਨ ਨੂੰ ਪਹਿਲੀ ਅਗਸਤ ਤੋਂ ਲੋਕਾਂ ਲਈ ਖੋਲ੍ਹ ਦਿੱਤਾ ਜਾਵੇਗਾ। ਇਹ ਮਹਾਂਮਾਰੀ ਕਾਰਨ ਅਪਰੈਲ ਤੋਂ ਆਮ ਲੋਕਾ ਲਈ ਬੰਦ ਸੀ। ਲੋਕ ਹੁਣ ਰਾਸ਼ਟਰਪਤੀ ਭਵਨ ਤੇ ਭਵਨ ਦੇ ਅਜਾਇਬਘਰ ਕੰਪਲੈਕਸ ਨੂੰ ਦੇਖ ਸਕਣਗੇ। ਰਾਸ਼ਟਰਪਤੀ ਭਵਨ ਦਾ ਟੂਰ ਸ਼ਨਿਚਰਵਾਰ ਤੇ ਐਤਵਾਰ ਨੂੰ ਉਪਲੱਬਧ ਹੋਵੇਗਾ। ਜਦਕਿ ਅਜਾਇਬਘਰ ਹਫ਼ਤੇ ਵਿਚ ਛੇ ਦਿਨ ਲੋਕਾਂ ਲਈ ਖੁੱਲ੍ਹਾ ਰਹੇਗਾ। ਟੂਰ ਦੇ ਸਲਾਟ ਰਾਸ਼ਟਰਪਤੀ ਸਕੱਤਰੇਤ ਦੀ ਵੈਬਸਾਈਟ ਤੋਂ ਬੁੱਕ ਕੀਤੇ ਜਾ ਸਕਦੇ ਹਨ। **-ਪੀਟੀਆਈ**

### ਸ਼ੀ ਜ਼ਿਨਪਿੰਗ ਆਪਣੀ ਤਿੱਬਤ ਫੇਰੀ ਦੌਰਾਨ ਅਰੁਣਾਚਲ ਪ੍ਰਦੇਸ਼ ਨਾਲ ਲੱਗਦੇ ਸ਼ਹਿਰ ਪਹੁੰਚੇ

**ਪੇਈਚਿੰਗ, 23 ਜੁਲਾਈ :**

ਚੀਨੀ ਰਾਸ਼ਟਰਪਤੀ ਸ਼ੀ ਜ਼ਿਨਪਿੰਗ ਆਪਣੀ ਤਿੱਬਤ ਦੀ ਪਹਿਲੀ ਫੇਰੀ ਦੌਰਾਨ ਅਰੁਣਾਚਲ ਪ੍ਰਦੇਸ਼ ਨਾਲ ਲੱਗਦੇ ਸਰਹੱਦੀ ਸ਼ਹਿਰ ਨਾਇੰਚਚੀ ਵਿਖੇ ਗਏ। ਖਬਰ ਏਜੰਸੀ ਸਿਨਹੁਆ ਅਨੁਸਾਰ ਸ਼ੀ ਬੁੱਧਵਾਰ ਨੂੰ

ਨਾਇੰਗਚੀ ਮੋਨਲਿੰਗ ਹਵਾਈ ਅੱਡੇ 'ਤੇ ਪਹੁੰਚੇ, ਜਿਥੇ ਉਨ੍ਹਾਂ ਸਵਾਗਤ ਸਥਾਨਕ ਲੋਕਾਂ ਅਤੇ ਵੱਖ-ਵੱਖ ਭਾਈਚਾਰੇ ਦੇ ਪ੍ਰਤੀਨਿਧੀਆਂ ਨੇ ਕੀਤਾ। ਜ਼ਿਕਰਯੋਗ ਹੈ ਕਿ ਸ਼ੀ ਚੀਨ ਦੇ ਪਹਿਲੇ ਸਿਆਸੀ ਆਗੂ ਹਨ, ਜਿਨ੍ਹਾਂ ਭਾਰਤ-ਚੀਨ ਦੀ ਸਰਹੱਦ ਨੇੜੇ ਵਸੇ ਇਸ ਪਿੰਡ ਦਾ ਦੌਰਾ ਕੀਤਾ ਹੈ। ਸ਼ੀ ਦੀ ਇਸ ਰਾਜਨੀਤਿਕ ਫੇਰੀ ਬਾਰੇ ਸ਼ੁੱਕਰਵਾਰ ਤੱਕ ਕਿਸੇ ਵੀ ਚੀਨੀ ਅਧਿਕਾਰੀ ਵੱਲੋਂ ਜਾਣਕਾਰੀ ਨਹੀਂ ਦਿੱਤੀ ਗਈ ਸੀ। ਨਾਇੰਗਚੀ ਦੀ ਫੇਰੀ ਦੌਰਾਨ ਚੀਨੀ ਰਾਸ਼ਟਰਪਤੀ ਨੇ ਨਯਾਂਗ ਨਦੀ 'ਤੇ ਬਣੇ ਪੁਲ 'ਤੇ ਬ੍ਰਹਮਪੁੱਤਰ ਨਦੀ ਦੁਆਲੇ ਵਾਤਾਵਰਨ ਦੇ ਬਚਾਅ ਸਬੰਧੀ ਕੀਤੇ ਗਏ ਕਾਰਜਾਂ ਦਾ ਵੀ ਜਾਇਜ਼ਾ ਲਿਆ।

ਜ਼ਿਕਰਯੋਗ ਹੈ ਕਿ ਚੀਨ ਨੇ ਆਪਣੀ 14ਵੀਂ ਪੰਜ ਸਾਲਾ ਯੋਜਨਾ ਤਹਿਤ ਬ੍ਰਹਮਪੁੱਤਰ ਨਦੀ 'ਤੇ ਇੱਕ ਵੱਡਾ ਡੈਮ ਬਣਾਉਣ ਦਾ ਮਤਾ ਪਾਸ ਕੀਤਾ ਹੈ। ਜਿਸ ਮਗਰੋਂ ਭਾਰਤ ਅਤੇ ਬੰਗਲਾਦੇਸ਼ ਵਿਚ ਇਸ ਨਦੀ ਕਿਨਾਰੇ ਵਸੇ ਸੂਬਿਆਂ ਵਿੱਚ ਚਿੰਤਾ ਵੱਧ ਗਈ ਹੈ। ਚੀਨ ਅਰੁਣਾਚਲ ਪ੍ਰਦੇਸ਼ ਨੂੰ ਦੱਖਣੀ ਤਿੱਬਤ ਦਾ ਹੀ ਇੱਕ ਹਿੱਸਾ ਮੰਨਦਾ ਹੈ, ਜਿਸ 'ਤੇ ਭਾਰਤ ਵੱਲੋਂ ਆਪਣੀ ਅਸਹਿਮਤੀ ਜਤਾਈ ਗਈ ਹੈ। ਗੌਰਤਲਬ ਹੈ ਕਿ ਭਾਰਤ ਤੇ ਚੀਨ ਵਿਚਾਲੇ 3,488 ਕਿਲੋਮੀਟਰ ਦਾ ਇਲਾਕਾ ਲਾਈਨ ਆਫ ਐਕਚੁਅਲ ਕੰਟਰੋਲ (ਐੱਲਏਸੀ) ਅਧੀਨ ਆਉਂਦਾ ਹੈ। ਸ਼ੀ ਦੀ ਇਹ ਤਿੱਬਤ ਫੇਰੀ ਪੂਰਬੀ ਲੱਦਾਖ ਵਿੱਚ ਭਾਰਤੀ ਤੇ ਚੀਨੀ ਫੌਜ ਵਿਚਾਲੇ ਚੱਲ ਰਹੇ ਤਣਾਅ ਦੌਰਾਨ ਹੋਈ ਹੈ। ਪਿਛਲੇ ਸਾਲ ਮਈ ਮਹੀਨੇ ਤੋਂ ਬਾਅਦ ਪੂਰਬੀ ਲੱਦਾਖ ਦੇ ਕਈ ਇਲਾਕਿਆਂ ਵਿੱਚ ਚੀਨੀ ਤੇ ਭਾਰਤੀ ਫੌਜ ਵਿਚਾਲੇ ਹੋਏ ਸਮਝੌਤਿਆਂ ਤਹਿਤ ਦੋਵੇਂ ਦੇਸ਼ਾਂ ਨੇ ਆਪਣੀਆਂ ਸੀਮਾਵਾਂ ਨਿਰਧਾਰਤ ਕੀਤੀਆਂ ਹਨ। ਇਨ੍ਹਾਂ ਇਲਾਕਿਆਂ ਵਿੱਚ ਪੈਦਾ ਹੋਏ ਤਣਾਅ ਨੂੰ ਖ਼ਤਮ ਕਰਨ ਲਈ ਦੋਵੇਂ ਦੇਸ਼ਾ ਦੀਆਂ ਸਰਕਾਰਾਂ ਵੱਲੋਂ ਗੱਲਬਾਤ ਕੀਤੀ ਜਾ ਰਹੀ ਹੈ। ਪੀਟੀਆਈ

## ਅਮਰੀਕਾ ਵੱਲੋਂ ਅਫ਼ਗਾਨਿਸਤਾਨ 'ਚ ਹਵਾਈ ਹਮਲੇ

## ਪੈਂਟਾਗਨ ਮੁਤਾਬਕ ਅਫ਼ਗਾਨ ਰੱਖਿਆ ਬਲਾਂ ਦੀ ਮਦਦ ਕਰਨ ਲਈ ਕੀਤੇ ਗਏ ਹਮਲੇ

### ਅੱਧੇ ਅਫ਼ਗਾਨਿਸਤਾਨ 'ਤੇ ਤਾਲਿਬਾਨ ਦਾ ਦਬਦਬਾ

### ਵਾਸ਼ਿੰਗਟਨ, 23 ਜੁਲਾਈ :

ਅਮਰੀਕਾ ਨੇ ਪਿਛਲੇ ਕੁਝ ਦਿਨਾਂ ਦੌਰਾਨ ਅਫ਼ਗਾਨਿਸਤਾਨ ਵਿਚ ਹਵਾਈ ਹਮਲੇ ਕੀਤੇ ਹਨ। ਪੈਟਾਗਨ ਮੁਤਾਬਕ ਇਹ ਹਮਲੇ ਤਾਲਿਬਾਨ ਨਾਲ ਲੜ ਰਹੇ ਅਫ਼ਗਾਨ ਸੁਰੱਖਿਆ ਬਲਾਂ ਦੀ ਮਦਦ ਕਰਨ ਲਈ ਕੀਤੇ ਗਏ ਹਨ। ਦੱਸਣਯੋਗ ਹੈ ਕਿ ਅਮਰੀਕਾ ਦੇ ਸਭ ਤੋਂ ਸੀਨੀਅਰ ਫ਼ੌਜੀ ਅਧਿਕਾਰੀ ਇਹ ਮੰਨ ਰਹੇ ਹਨ ਕਿ ਤਾਲਿਬਾਨ ਨੇ ਅਫ਼ਗਾਨਿਸਤਾਨ ਵਿਚ 'ਰਣਨੀਤਕ ਚੜ੍ਹਤ' ਕਾਇਮ ਕਰ ਲਈ ਹੈ। ਅਫ਼ਗਾਨਿਸਤਾਨ ਦੇ 400 ਜ਼ਿਲ੍ਹਿਆਂ (ਕਰੀਬ ਅੱਧਾ ਅਫ਼ਗਾਨਿਸਤਾਨ) 'ਚ ਤਾਲਿਬਾਨ ਦਾ ਇਸ ਵੇਲੇ ਦਬਦਬਾ ਹੈ। ਪੈਟਾਗਨ ਨੇ ਹਾਲਾਂਕਿ ਹਮਲਿਆਂ ਬਾਰੇ ਵਿਸਤਾਰ ਵਿਚ ਕੁਝ ਨਹੀਂ ਦੱਸਿਆ। ਅਮਰੀਕਾ ਦੇ ਰੱਖਿਆ ਹੈੱਡਕੁਆਰਟਰ ਪੈਂਟਾਗਨ ਦੇ ਪ੍ਰੈੱਸ ਸਕੱਤਰ ਜੌਹਨ ਕਿਰਬੀ ਨੇ ਮੀਡੀਆ ਨੂੰ ਦੱਸਿਆ ਕਿ ਭਵਿੱਖ ਵਿਚ ਵੀ ਉਹ ਅਫ਼ਗਾਨ ਬਲਾਂ ਦੀ ਮਦਦ ਲਈ ਹਵਾਈ ਹੱਲੇ ਜਾਰੀ ਰੱਖਣਗੇ। ਇਸ ਬਾਰੇ ਫ਼ੈਸਲਾ ਅਫ਼ਗਾਨਿਸਤਾਨ ਵਿਚ ਹਾਲੇ ਮੌਜੂਦ ਅਮਰੀਕੀ ਫ਼ੌਜਾਂ ਦੇ ਕਮਾਂਡਰ ਜਨਰਲ ਕੈਨੇਥ 'ਫਰੈਂਕ' ਮੈਕੈਂਜ਼ੀ ਲੈਣਗੇ। ਜ਼ਿਕਰਯੋਗ ਹੈ ਕਿ ਅਮਰੀਕਾ ਨੇ ਗਰੀਬ ਦੋ ਦਹਾਕਿਆ ਬਾਅਦ ਆਪਣੀਆਂ ਫ਼ੌਜਾਂ ਅਫ਼ਗਾਨਿਸਤਾਨ ਵਿਚੋਂ ਕੱਢਣ ਦਾ ਫ਼ੈਸਲਾ ਲਿਆ ਹੈ ਤੇ ਕਾਫ਼ੀ ਫ਼ੌਜ ਕੱਢੀ ਵੀ ਜਾ ਚੁੱਕੀ ਹੈ।

ਸੀਐਨਐਨ ਦੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕਾ ਨੇ ਪਿਛਲੇ 30 ਦਿਨਾ ਦੌਰਾਨ ਕਰੀਬ ਛੇ ਜਾਂ ਸੱਤ ਹਵਾਈ ਹਮਲੇ ਕੀਤੇ ਹਨ।

# ਖੇਡ ਖਬਰਾਂ

## ਓਲੰਪਿਕ ਦੇ ਰੰਗਾਰੰਗ ਆਗਾਜ਼ ਨੇ ਜਗਾਈ ਨਵੀਂ ਉਮੀਦ

## ਜਾਪਾਨ ਦੇ ਸਮਰਾਟ ਨਾਰੂਹਿਤੋ, ਅਮਰੀਕੀ ਪ੍ਰਥਮ ਮਹਿਲਾ ਤੇ ਫਰਾਂਸੀਸੀ ਸਦਰ ਸਟੇਡੀਅਮ 'ਚ ਰਹੇ ਮੌਜੂਦ

*** ਕਰੋਨਾ ਮਹਾਮਾਰੀ, 2011 ਭੂਚਾਲ ਤੇ ਸੁਨਾਮੀ ਪੀੜਤਾ ਦੀ ਯਾਦ 'ਚ ਇਕ ਮਿੰਟ ਦਾ ਮੌਨ ਰੱਖਿਆ**

*** ਬਗਲਾਦੇਸ਼ ਦੇ ਨੋਬੇਲ ਪੁਰਸਕਾਰ ਜੇਤੂ ਮੁਹੰਮਦ ਯੂਨੁਸ ਦਾ 'ਦਿ ਓਲੰਪਿਕ ਲੌਰੇਲ' ਨਾਲ ਸਨਮਾਨ**

**ਟੋਕੀਓ/ਨਵੀਂ ਦਿੱਲੀ, 23 ਜੁਲਾਈ**

ਪਿਛਲੇ ਲਗਪਗ ਸਵਾ ਸਾਲ ਤੋਂ ਕੁੱਲ ਆਲਮ ਨੂੰ ਆਪਣੀ ਗ੍ਰਿਫ਼ਤ ਵਿੱਚ ਲੈਣ ਵਾਲੀ ਕੋਵਿਡ-19 ਮਹਾਂਮਾਰੀ ਦੇ ਖ਼ੌਫ ਦਰਮਿਆਨ 32ਵੀਆਂ ਓਲੰਪਿਕ ਖੇਡਾ ਇਕ ਸਾਲ ਦੀ ਲੰਮੀ ਉਡੀਕ ਮਗਰੋਂ ਸ਼ੁੱਕਰਵਾਰ ਨੂੰ ਜਾਪਾਨੀ ਸਭਿਆਚਾਰ ਤੇ ਰਵਾਇਤਾਂ ਦੀ ਝਲਕ ਵਿਖਾਉਣ ਵਾਲੇ ਰੰਗਾਰੰਗ ਉਦਘਾਟਨੀ ਸਮਾਗਮ ਨਾਲ ਸ਼ੁਰੂ ਹੋ ਗਈਆਂ। ਖੇਡ ਮਹਾਂਕੁੰਡ ਦੇ ਆਗਾਜ਼ ਨੇ ਨਵੀਂ ਉਮੀਦ ਜਗਾਈ ਹੈ। ਜਾਪਾਨ ਦੇ ਸਮਰਾਟ ਨਾਰੂਹਿਤੋ ਖੇਡਾਂ ਦੇ ਉਦਘਾਟਨ ਲਈ ਨੈਸ਼ਨਲ ਸਟੇਡੀਅਮ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਜਾਪਾਨ ਦੀ ਟੈਨਿਸ ਖਿਡਾਰਨ ਨਾਓਮੀ ਓਸਾਕਾ ਨੇ ਓਲੰਪਿਕ ਮਸ਼ਾਲ ਜਗਾਈ, ਜੋ ਖੇਡਾ ਦੇ ਸਮਾਪਨ ਤੱਕ ਲਗਾਤਾਰ ਜਗਦੀ ਰਹੇਗੀ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਾਪਾਲ ਦੇ ਆਪਣੇ ਹਮਰੁਤਬਾ ਯੋਸ਼ੀਹਿਦੇ ਸੁਗਾ ਨੂੰ ਫੋਨ ਕਰਕੇ ਓਲੰਪਿਕ ਖੇਡਾਂ ਦੇ ਆਗਾਜ਼ ਲਈ ਵਧਾਈ ਦਿੱਤੀ ਹੈ।

ਦਰਸ਼ਕਾਂ ਦੀ ਗੈਰਮੌਜੂਦਗੀ ਵਿੱਚ ਹੋਏ ਉਦਘਾਟਨੀ ਸਮਾਗਮ ਦੌਰਾਨ ਨੈਸ਼ਨਲ ਸਟੇਡੀਅਮ ਰੰਗ ਬਿਰੰਗੀਆਂ ਰੌਸ਼ਨੀਆਂ ਨਾਲ ਚਮਕ ਰਿਹਾ ਸੀ। ਮਹਾਂਮਾਰੀ ਕਰਕੇ ਸਾਰੇ ਦੇਸ਼ਾਂ ਦੇ ਖੇਡ ਦਲ ਆਪਣੀ ਪੂਰੀ ਸਮਰੱਥਾ ਨਾਲ ਮਾਰਚ ਪਾਸਟ ਵਿੱਚ ਸ਼ਾਮਿਲ ਨਹੀਂ ਹੋਏ। ਭਾਰਤੀ ਖੇਡ ਦਲ ਦੀ ਅਗਵਾਈ ਪੁਰਸ਼ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਤੇ ਛੇ ਵਾਰ ਦੀ ਵਿਸ਼ਵ ਚੈਂਪੀਅਨ ਐੱਮ.ਸੀ. ਮੈਰੀਕੌਮ ਨੇ ਕੀਤੀ। ਮਾਰਚ ਪਾਸਟ ਦੌਰਾਨ ਭਾਰਤੀ ਖੇਡ ਦਲ 21ਵੇਂ ਨੰਬਰ 'ਤੇ ਆਇਆ। ਸਿਰ 'ਤੇ ਦਸਤਾਰ ਸਜਾਈ ਮਨਪ੍ਰੀਤ ਸਿੰਘ ਤੇ ਮੇਰੀਕੌਮ ਦੇ ਹੱਥਾਂ ਵਿੱਚ ਤਿਰੰਗਾ ਲਹਿਰਾ ਰਿਹਾ ਸੀ।

ਜਾਪਾਨ ਨੇ ਅੱਜ ਉਦਘਾਟਨੀ ਸਮਾਗਮ ਦੀ ਸ਼ੁਰੂਆਤ ਵਿੱਚ ਉਸ ਦਿਨ ਨੂੰ ਯਾਦ ਕੀਤਾ ਗਿਆ ਜਦੋਂ 2013 ਵਿੱਚ ਉਸ ਨੇ ਮੇਜ਼ਬਾਨੀ ਹਾਸਲ ਕੀਤੀ ਸੀ। ਸਮਾਗਮ ਦੀ ਸ਼ੁਰੂਆਤ ਟੋਕੀਓ 2020 ਦੇ ਪ੍ਰਤੀਕ

ਨੂੰ ਪ੍ਰਦਰਸ਼ਿਤ ਕਰਨ ਲਈ 20 ਸਕਿੰਟ ਤੱਕ ਨੀਲੀ ਤੇ ਸਫੇਦ ਰੰਗ ਦੀ ਆਤਿਸ਼ਬਾਜ਼ੀ ਨਾਲ ਕੀਤੀ ਗਈ, ਜਿਸ ਨੂੰ ਜਾਪਾਨੀ ਸਭਿਆਚਾਰ ਵਿੱਚ ਸ਼ੁਭ ਮੰਨਿਆ ਜਾਂਦਾ ਹੈ।

ਜਾਪਾਨ ਦੇ ਸਮਰਾਟ ਨਾਰੂਹਿਤੋ ਤੇ ਕੌਮਾਂਤਰੀ ਓਲੰਪਿਕ ਕਮੇਟੀ ਦੇ ਮੁਖੀ ਥੌਮਸ ਬਾਕ ਦੇ ਸਟੇਡੀਅਮ ਵਿੱਚ ਪੁੱਜਣ ਮਗਰੋਂ ਜਾਪਾਨ ਦਾ ਝੰਡਾ ਲਹਿਰਾਇਆ ਗਿਆ। ਜਾਪਾਨ ਦਾ ਝੰਡਾ ਲੈ ਕੇ ਚੱਲਣ ਵਾਲਿਆਂ ਵਿੱਚ ਇਕ ਸਿਹਤਕਰਮੀ ਵੀ ਸ਼ਾਮਲ ਸੀ। ਉਦਘਾਟਨੀ ਸਮਾਗਮ ਦੌਰਾਨ ਉਨ੍ਹਾਂ ਲੋਕਾਂ ਤੇ ਸਾਬਕਾ ਓਲੰਪੀਅਨਾ ਨੂੰ ਵੀ ਯਾਦ ਕੀਤਾ ਗਿਆ, ਜਿਨ੍ਹਾਂ ਕੋਵਿਡ-19 ਮਹਾਮਾਰੀ ਦਰਮਿਆਨ ਆਪਣੀਆਂ ਜਾਨਾਂ ਗੁਆਈਆਂ ਸਨ। ਇਸ ਦੌਰਾਨ 1972 ਮਿਊਨਿਖ ਓਲੰਪਿਕ ਦੌਰਾਨ ਦਹਿਸ਼ਤੀ ਹਮਲੇ ਵਿੱਚ ਮਾਰੇ ਗਏ ਇਜ਼ਰਾਇਲੀ ਖਿਡਾਰੀਆਂ, 2011 ਦੇ ਭੂਚਾਨ ਤੇ ਸੁਨਾਮੀ ਵਿੱਚ ਮਾਰੇ ਗਏ ਲੋਕਾਂ ਦਾ ਵੀ ਜ਼ਿਕਰ ਕੀਤਾ ਗਿਆ। ਇਨ੍ਹਾਂ ਦੀ ਯਾਦ ਵਿੱਚ ਇਕ ਮਿੰਟ ਦਾ ਮੌਨ ਵੀ ਰੱਖਿਆ ਗਿਆ। ਖੇਡਾਂ ਵਿੱਚ ਯੋਗਦਾਨ ਲਈ ਆਈਓਸੀ ਨੇ ਬੰਗਲਾਦੇਸ਼ ਦੇ ਨੋਬੇਲ ਪੁਰਸਕਾਰ ਜੇਤੂ ਮੁਹੰਮਦ ਯੂਨੁਸ ਨੂੰ 'ਦਿ ਓਲੰਪਿਕ ਲੋਰੇਲ' ਨਾਲ ਸਨਮਾਨਿਤ ਕੀਤਾ।

ਦਰਸ਼ਕਾਂ ਦੀ ਗੈਰਹਾਜ਼ਰੀ ਕਰਕੇ ਸਟੇਡੀਅਮ ਵਿੱਚ 1000 ਸ਼ਖ਼ਸੀਅਤਾਂ ਹੀ ਮੌਜੂਦ ਸਨ, ਜਿਨ੍ਹਾਂ ਵਿੱਚ ਅਮਰੀਕਾ ਦੀ ਪ੍ਰਥਮ ਮਹਿਲਾ ਜਿਲ ਬਾਇਡਨ ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੇਕਰੋ ਵੀ ਸ਼ਾਮਲ ਸਨ। ਉਦਘਾਟਨੀ ਸਮਾਗਮ ਦੀ ਮੁੱਖ ਖਿੱਚ ਯਕੀਨੀ ਤੌਰ 'ਤੇ ਉਹ ਖਿਡਾਰੀ ਸਨ ਜੋ ਪਿਛਲੇ ਇਕ ਸਾਲ ਤੋਂ ਮਹਾਮਾਰੀ ਤੇ ਖ਼ਦਸ਼ਿਆਂ ਦਰਮਿਆਨ ਆਪਣੀਆਂ ਤਿਆਰੀਆਂ ਕਰ ਰਹੇ ਸਨ। **-ਪੀਟੀਆਈ**

## ਨਾ ਤਾੜੀਆਂ ਦੀ ਗੂੰਜ ਨਾ ਹੱਲਾਸ਼ੇਰੀ...

## ਡਰੀਆਂ-ਡਰੀਆਂ, ਸਹਿਮੀਆਂ-ਸਹਿਮੀਆਂ ਟੋਕੀਓ ਓਲੰਪਿਕਸ

### ਨਰਿੰਦਰ ਸਿੰਘ

**ਚੰਡੀਗੜ੍ਹ :** ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਓਲੰਪਿਕਸ ਐਨੀਆਂ ਡਰ-ਡਰ ਕੇ ਵੀ ਹੋਣਗੀਆਂ। ਖੇਡਾ ਹੌਂਸਲੇ, ਦਲੇਰੀ ਤੇ ਮਿਲਵਰਤਨ ਦਾ ਪ੍ਰਤੀਕ ਹਨ, ਪਰ ਕਰੋਨਾ ਕਰ ਕੇ ਇਹ ਤਿੰਨੋਂ ਗਾਇਬ ਹਨ। ਹੁਣ ਮੈਦਾਨਾਂ ਵਿੱਚ ਖਿਡਾਰੀ ਕੋਈ ਪ੍ਰਾਪਤੀ ਕਰਨ ਬਾਅਦ ਦਰਸ਼ਕਾਂ ਦੀਆਂ ਵਧਾਈਆਂ ਲੈਣ ਲਈ ਤਰਸਦਾ ਰਹੇਗਾ। ਖਿਡਾਰੀ ਨਾਲ ਕੋਚ ਦੀ ਹਰ ਵੇਲੇ ਇਹੀ ਨਜ਼ਰ ਰਹੇਗੀ ਕਿ ਉਸ ਦਾ ਚੇਲਾ ਕਿਧਰੇ ਕਮਰੇ ਤੋਂ ਬਾਹਰ ਐਵੇਂ ਤਾਂ ਨਹੀਂ ਘੁੰਮ ਰਿਹਾ। ਪ੍ਰੈਕਟਿਸ ਕਰੋ, ਰੋਟੀ ਪਾਣੀ ਛਕੋ ਤੇ ਕਮਰੇ ਵਿੱਚ ਜਾ ਕੇ ਸੌਂ ਜਾਓ। ਨਾ ਖਿਡਾਰੀ ਇਕ ਦੂਜੇ ਮੁਲਕ ਦੇ ਸੱਭਿਆਚਾਰ ਨੂੰ ਜਾਣ ਸਕਣਗੇ ਤੇ ਨਾ ਜਿੱਤ-ਹਾਰ ਮਗਰੋਂ ਕਿਸੇ ਨੂੰ ਗਲੇ ਮਿਲ ਕੇ ਵਧਾਈ ਦੇ ਸਕਣਗੇ। ਖਿਡਾਰੀ ਤਾਂ ਤਾੜੀਆਂ ਦੀ ਗੂੰਜ ਨੂੰ ਤਰਸ ਜਾਣਗੇ, ਕਿਉਂਕਿ ਸਟੇਡੀਅਮ ਦਰਸ਼ਕਾਂ ਤੋਂ ਵਾਂਝੇ ਹੋਣਗੇ। ਖਿਡਾਰੀਆਂ ਦੀ ਤਾਕਤ ਉਦੋਂ ਦੁੱਗਣੀ ਹੋ ਜਾਂਦੀ ਹੈ, ਜਦੋਂ ਬਾਹਰ ਖੜੇ ਲੋਕ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੀ ਹਾਰ ਨੂੰ ਜਿੱਤ ਵਿੱਚ ਬਦਲ ਦਿੰਦੇ ਹਨ। ਸਵਾਲ ਹੈ ਕਿ ਜਿਹੜੇ ਖਿਡਾਰੀਆਂ ਨੂੰ ਅਜਿਹੀ ਹੱਲਾਸ਼ੇਰੀ ਦੀ ਆਦਤ ਹੈ, ਕੀ ਉਹ ਆਪਣਾ ਸਰਵੋਤਮ ਪ੍ਰਦਰਸ਼ਨ ਕਰ ਸਕਣਗੇ। ਸਾਲ ਪਹਿਲਾਂ ਹੋਣ ਵਾਲੀਆਂ ਇਹ ਖੇਡਾਂ ਪੱਛੜੀਆਂ ਹਨ, ਪਰ ਕੀ ਇਸ ਦੇ ਬਾਵਜੂਦ ਟੋਕੀਓ

ਓਲੰਪਿਕਸ ਵਿੱਚ ਵੱਧ ਨਵੇਂ ਰਿਕਾਰਡ ਬਣਨਗੇ। ਅਜਿਹਾ ਲੱਗਦਾ ਤਾਂ ਨਹੀਂ ਕਿਉਂਕਿ ਡਰ ਤੇ ਸਹਿਮ ਦੇ ਮਾਹੌਲ ਵਿੱਚ ਨਾ ਪ੍ਰੈਕਟਿਸ ਕੀਤੀ ਤੇ ਨਾ ਕਿਸੇ ਨੇ ਕਰਵਾਈ। ਖਿਡਾਰੀਆਂ ਦੇ ਖਾਣ-ਪੀਣ ਤੇ ਰਹਿਣ-ਸਹਿਣ ਦਾ ਢੰਗ ਬਦਲ ਗਿਆ। ਇਸ ਵਾਰ ਵਿਅਕਤੀਗਤ ਖੇਡਾਂ ਵਾਲੇ ਜਿਵੇਂ-ਤਿਵੇਂ ਸਮਾਂ ਲੰਘਾ ਜਾਣਗੇ, ਪਰ ਟੀਮ ਮੁਕਾਬਲਿਆਂ ਵਿੱਚ ਤਾਂ ਖਿਡਾਰੀਆਂ ਨੂੰ ਹਰ ਵੇਲੇ ਇਕ ਦੂਜੇ ਤੋਂ ਡਰ ਹੀ ਲੱਗਿਆ ਰਹੇਗਾ। ਕੀ ਹੁਣ ਇਸ ਡਰ ਕਰਕੇ ਕੋਈ ਖਿਡਾਰੀ ਵਿਰੋਧੀ ਟੀਮ ਦੇ ਮੈਂਬਰ ਤੋਂ ਗੇਂਦ ਖੋਹਣ ਜਾਵੇਗਾ? ਐਂਤਕੀ ਸਭ ਤੋਂ ਮਾੜੀ ਗੱਲ ਇਹ ਹੋ ਸਕਦੀ ਹੈ ਕਿ ਜੇ ਚੰਗੇ ਖਿਡਾਰੀ ਕਰੋਨਾ ਦੀ ਗ੍ਰਿਫ਼ਤ ਵਿੱਚ ਆ ਗਏ ਤਾ ਖੇਡਾਂ ਦਾ ਰੰਗਾ ਫਿੱਕਾ ਪੇ ਜਾਵੇਗਾ। ਆਓ। ਸਾਰੇ ਇਹ ਅਰਦਾਸ ਕਰੀਏ ਕਿ ਅਜਿਹਾ ਨਾ ਹੋਵੇ ਤੇ ਦਰਸ਼ਕ ਨਹੀਂ ਤਾ ਘੱਟੋ-ਘੱਟ ਆਪਣੇ-ਬਿਗਾਨੇ ਲਈ ਮੈਦਾਨ ਨੂੰ ਤਾੜੀਆਂ ਨਾਲ ਗੂੰਜਣ ਲਾ ਦੇਣ।

# ਖੇਤਰੀ ਖਬਰਾਂ

## ਝਪਟਮਾਰੀ : ਦੋ ਮੁਲਜ਼ਮ ਕਾਬੂ

**ਸਮਾਣਾ :** ਪੁਲੀਸ ਨੇ ਝਪਟਮਾਰੀ ਦੇ ਦੋਸ਼ ਹੇਠ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਸੋਨੇ ਦੇ ਗਹਿਣੇ, 3 ਲੱਖ ਰੁਪਏ, ਮੋਬਾਈਲ ਫੋਨ ਅਤੇ ਮੋਟਰਸਾਈਕਲ ਬਰਾਮਦ ਕੀਤਾ ਹੈ। ਐੱਸਐੱਸਪੀ ਪਟਿਆਲਾ ਡਾ. ਸੰਦੀਪ ਗਰਗ ਨੇ ਦੱਸਿਆ ਕਿ 20 ਜੁਲਾਈ ਨੂੰ ਮੋਟਰਸਾਈਕਲ ਸਵਾਰ ਦੋ ਵਿਅਕਤੀ ਇਕ ਮਹਿਲਾ ਪਾਸੋਂ ਪਰਸ ਅਤੇ ਮੋਬਾਈਲ ਫੋਨ ਖੋਹ ਕੇ ਫਰਾਰ ਹੋ ਗਏ ਸਨ। ਪੁਲੀਸ ਨੇ ਉਨ੍ਹਾਂ ਨੂੰ ਸਹਿਜਪੁਰਾ ਰੋਡ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਸੁਖਪ੍ਰੀਤ ਸਿੰਘ ਉਰਫ਼ ਸੁੱਖੀ ਵਾਲੀ ਘੱਗਾ ਅਤੇ ਗੁਰਿੰਦਰ ਸਿੰਘ ਵਾਸੀ ਪਿੰਡ ਬੁਜਰਕ ਥਾਣਾ ਸਮਾਣਾ ਵਜੋਂ ਹੋਈ ਹੈ। ਸੁਖਪ੍ਰੀਤ ਸਿੰਘ ਖਿਲਾਫ਼ ਪਹਿਲਾਂ ਵੀ ਚੋਰੀ ਅਤੇ ਆਰਮਜ਼ ਐਕਟ ਅਧੀਨ ਕੇਸ ਦਰਜ ਹਨ।

## 17 ਕਿਲੋ ਗਾਂਜੇ ਸਣੇ ਤਿੰਨ ਮੁਲਜ਼ਮ ਗ੍ਰਿਫਤਾਰ

**ਰਾਜਪੁਰਾ :** ਥਾਣਾ ਸਿਟੀ ਦੀ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ 17 ਕਿਲੋ ਗਾਂਜੇ ਸਣੇ ਗ੍ਰਿਫ਼ਤਾਰ ਕੀਤਾ ਹੈ। ਵੇਰਵਿਆਂ ਅਨੁਸਾਰ ਸਹਾਇਕ ਥਾਣੇਦਾਰ ਅਵਤਾਰ ਸਿੰਘ ਨੇ ਕਾਲਕਾ ਰੋਡ ਵਾਲੇ ਫਲਾਈਓਵਰ ਨੇੜੇ ਨਾਕਾਬੰਦੀ ਦੌਰਾਨ ਜਦੋਂ ਦੋ ਵਿਅਕਤੀਆਂ ਭੋਲਾ ਰਾਮ ਵਾਸੀ ਸਿਮਰਾ ਵਿਰਤ ਜ਼ਿਲ੍ਹਾ ਬੰਤੀਆ ਅਤੇ ਅਨਿਲ ਕੁਮਾਰ ਵਾਸੀ ਬਿਹਾਰ ਦੀ ਤਲਾਸ਼ੀ ਲਈ ਤਾ ਉਨ੍ਹਾਂ ਕੋਲੋਂ 12 ਕਿੱਲੋਂ ਗਾਂਜਾ ਬਰਾਮਦ ਹੋਇਆ। ਇਸੇ ਤਰ੍ਹਾਂ ਸਹਾਇਕ ਥਾਣੇਦਾਰ ਮਾਲਵਿੰਦਰ ਸਿੰਘ ਨੇ ਸਕੂਟਰੀ ਸਵਾਰ ਰਾਜੇਸ਼ ਕੁਮਾਰ ਵਾਸੀ ਕੁਰਕੂਸ਼ੇਤਰ ਦੀ ਤਲਾਸ਼ੀ ਲਈ ਤਾ ਉਸ ਤੋਂ 8 ਕਿੱਲੋਂ ਗਾਂਜਾ ਬਰਾਮਦ ਹੋਇਆ। ਪੁਲੀਸ ਨੇ ਤਿੰਨਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਸਿੱਧੂ ਦੀ ਤਾਜਪੋਸ਼ੀ ਤਕਰੀਰ ਤੋਂ ਬੇਰੁਜ਼ਗਾਰ ਈਟੀਟੀ ਅਧਿਆਪਕ ਬਾਗ਼ੋਬਾਗ ਪਟਿਆਲਾ ਵਿੱਚ 125 ਦਿਨਾਂ ਤੋਂ ਸੰਘਰਸ਼ ਕਰ ਰਹੇ ਅਧਿਆਪਕਾ ਨੂੰ ਰੁਜ਼ਗਾਰ ਦੀ ਆਸ ਬੱਝੀ

*** ਟਾਵਰ ’ਤੇ ਚੜ੍ਹੇ ਸੰਘਰਸ਼ੀ ਅਧਿਆਪਕ ਦੀਆਂ ਉਮੀਦਾ ਨੂੰ ਵੀ ਬੂਰ ਪੈਣ ਦੇ ਆਸਾਰ**

**ਰਵੇਲ ਸਿਘ ਭਿੰਡਰ**

**ਪਟਿਆਲਾ, 23 ਜੁਲਾਈ**

ਨਵਜੋਤ ਸਿੱਧੂ ਦੀ ਤਾਜਪੋਸ਼ੀ ਨਾਲ ਸੰਘਰਸ਼ ਦੇ ਰਾਹ ਪਏ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਨੂੰ ਰੁਜ਼ਗਾਰ ਪ੍ਰਾਪਤੀ ਦੇ ਮਸਲੇ ਦਾ ਹੱਲ ਹੋਣ ਦੀ ਉਮੀਦ ਬੱਝੀ ਹੈ। ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਅੱਜ ਆਪਣੀ ਤਾਜਪੋਸ਼ੀ ਵੇਲੇ ਕੀਤੀ ਮੁੱਖ ਤਕਰੀਰ ’ਚ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਦਾ ਜ਼ਿਕਰ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਨਵਜੋਤ ਸਿੱਧੂ ਦੇ ਜੱਦੀ ਸ਼ਹਿਰ ਪਟਿਆਲਾ ’ਚ ਬੇਰੁਜਗਾਰ ਈਟੀਟੀ ਪਾਸ ਅਧਿਆਪਕਾਂ ਵੱਲੋਂ ਪਿਛਲੇ 125 ਦਿਨਾਂ ਤੋਂ ਟਾਵਰ ਸੰਘਰਸ਼ ਆਰੰਭਿਆ ਹੋਇਆ ਹੈ। ਸੰਘਰਸ਼ ਦਾ ਸਥਾਨ ਸ੍ਰੀ ਸਿੱਧੂ ਦੇ ਪਟਿਆਲਾ ਸਥਿਤ ਘਰ ਤੋਂ ਕੁਝ ਫ਼ਾਸਲੇ ’ਤੇ ਹੀ ਹੈ। ਟਾਵਰ ਦੀ ਦੋ ਸੌ ਫੁੱਟ ਦੀ ਉਚਾਈ ’ਤੇ ਸੁਰਿੰਦਰਪਾਲ ਪਿਛਲੇ ਸਵਾ ਸੌ ਦਿਨਾਂ ਤੋਂ ਰੁਜ਼ਗਾਰ ਪ੍ਰਾਪਤੀ ਦੀ ਮੰਗ ਨੂੰ ਲੈ ਕੇ ਬੈਠਾ ਹੋਇਆ ਹੈ। ਬੀਤੇ ਦਿਨ ਉਸ ਨੇ ਉਮੀਦ ਜਤਾਈ ਸੀ ਕਿ ਹੁਣ ਸੱਤਾ ਧਿਰ ਕਾਗਰਸ ਦੀ ਸੂਬਾਈ ਪ੍ਰਧਾਨਗੀ ਪਟਿਆਲਾ ਹਵਾਲੇ ਹੋਈ ਹੈ ਤੇ ਨਵੇਂ ਪ੍ਰਧਾਨ ਨਵਜੋਤ ਸਿੱਧੂ ਦਾ ਘਰ ਵੀ ਟਾਵਰ ਤੋਂ ਨੇੜੇ ਹੀ ਦਿਸਦਾ ਹੈ। ਟਾਵਰ ਸੰਘਰਸ਼ੀ ਦੀ ਅਜਿਹੀ ਉਮੀਦ ਸਬੰਧੀ ‘ਪੰਜਾਬੀ ਟ੍ਰਿਬਿਊਨ’ ਨੇ ਬੀਤੇ ਦਿਨ ਖ਼ਬਰ ਪ੍ਰਮੁੱਖਤਾ ਨਾਲ ਛਾਪੀ ਸੀ ਤੇ ਸਮਝਿਆ ਜਾ ਰਿਹਾ ਹੈ ਕਿ ਅਜਿਹੀ ਖ਼ਬਰ ਦੇ ਅਸਰ ਵਜੋਂ ਆਖ਼ਰ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਦੇ ਮਸਲਿਆਂ ਨੂੰ ਨਵਜੋਤ ਸਿੱਧੂ ਨੇ ਵੀ ਆਪਣੀ ਤਕਰੀਰ ’ਚ ਪੇਸ਼ ਕਰਕੇ ਅਜਿਹੇ ਮਸਲਿਆਂ ਨੂੰ ਜਲਦੀ ਹੱਲ ਕਰਨ ਦਾ ਸੰਕੇਤ ਦਿੱਤਾ ਹੈ।

ਬੇਰੁਜ਼ਗਾਰ ਈਟੀਟੀ ਟੈਟ ਪਾਸ ਅਧਿਅਪਕਾਂ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਦੀਪ ਬਨਾਰਸੀ ਦਾ ਕਹਿਣਾ ਹੈ ਕਿ ਨਵਜੋਤ ਸਿੱਧੂ ਦੀ ਤਕਰੀਰ ਤੋਂ ਸਹਿਜੇ ਝਲਕ ਪਈ ਹੈ ਸਿੱਧੂ ਦੇ ਦਿਲ ’ਚ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਦੇ ਸੰਘਰਸ਼ ਦੀ ਚਿੰਤਾ ਹੈ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਮੁੱਖ ਮੰਤਰੀ ਵਾਂਗ ਸ੍ਰੀ ਸਿੱਧੂ ਉਨ੍ਹਾਂ ਦੀਆਂ ਮੰਗਾਂ ਮੰਨਣ ਲਈ ਲਾਰੇ ਨਹੀਂ ਲਗਾਉਣਗੇ।

# ਝੋਨੇ ਦੀ ਫਸਲ ਨੂੰ ਬਚਾਉਣ ਲਈ ਚੱਕਾ ਜਾਮ

## ਕਿਸਾਨਾਂ ਨੇ ਬਹਾਦਰਗੜ੍ਹ-ਚੱਪੜ ਸੜਕ ਨੂੰ ਪਾਣੀ ਦੀ ਨਿਕਾਸੀ ਵਿੱਚ ਰੁਕਾਵਟ ਦੱਸਿਆ

*** ਪੁਲੀਸ ਤੇ ਪ੍ਰਸ਼ਾਸਨਿਕ ਅਧਿਕਰੀਆਂ ਨੇ ਪਾਣੀ ਨੂੰ ਸੜਕ ਦੇ ਦੂਜੇ ਪਾਸੇ ਲਿਜਾਣ ਲਈ ਇੰਜਣ ਤੇ ਪੰਪਾਂ ਦਾ ਪ੍ਰਬੰਧ ਕੀਤਾ**

*** ਡੀ.ਸੀ ਦੇ ਭਰੋਸੇ ਮਗਰੋਂ ਕਿਸਾਨਾਂ ਨੇ ਧਰਨਾ ਚੁੱਕਿਆ**

**ਸਰਬਜੀਤ ਸਿੰਘ ਭੰਗੂ**

**ਪਟਿਆਲਾ, 23 ਜੁਲਾਈ**

ਜ਼ਿਲ੍ਹੇ ਦੇ ਕਈ ਪਿੰਡਾਂ ਦੇ ਕਿਸਾਨਾਂ ਦੀ ਝੋਨੇ ਦੀ ਫ਼ਸਲ ਮੀਂਹ ਦੇ ਪਾਣੀ ’ਚ ਡੁੱਬੀ ਹੋਈ ਹੈ। ਇਸ ਦੇ ਰੋਸ ਵਜੋਂ ਕਿਸਾਨਾਂ ਨੇ ਅੱਜ ਮੁੜ ਰਾਜਪੁਰਾ ਰੋਡ ’ਤੇ ਸਥਿਤ ਧਰੇੜੀ ਜੱਟਾਂ ਦੇ ਕੋਲ ਧਰਨਾ ਦੇ ਛੇ ਘੰਟਿਆਂ ਲਈ ਨੈਸ਼ਨਲ ਹਾਈਵੇ ਨੂੰ ਜਾਮ ਰੱਖਿਆ। ਕਿਸਾਨਾਂ ਦਾ ਤਰਕ ਸੀ ਕਿ ਬਹਾਦਰਗੜ੍ਹ ਚੱਪੜ ਰੋਡ ਪਾਣੀ ਦੀ ਨਿਕਾਸੀ ’ਚ ਰੁਕਾਵਟ ਬਣੀ ਹੋਈ ਹੈ। ਇਸ ਕਰਕੇ ਰੋਹ ’ਚ ਆਏ ਕਿਸਾਨ ਇਸ ਸੜਕ ਨੂੰ ਤੋੜਨ ਦੇ ਰੌਅ ਵਿੱਚ ਸਨ। ਇਸੇ ਦੌਰਾਨ ਥਾਣਾ ਸਦਰ ਪਟਿਆਲਾ ਦੇ ਮੁਖੀ ਇੰਸਪੈਕਟਰ ਕਰਮਜੀਤ ਸਿੰਘ ਅਤੇ ਬਹਾਦਰਗੜ੍ਹ ਪੁਲੀਸ ਚੌਕੀ ਦੇ ਇੰਚਾਰਜ ਮਨਜੀਤ ਸਿੰਘ ਨੇ ਕਾਫ਼ੀ ਸਮਾਂ ਮੌਕਾ ਸੰਭਾਲੀ ਰੱਖਿਆ। ਹਾਲਾਤ ਗੰਭੀਰ ਬਣਦੇ ਵੇਖ ਕੇ ਡਿਪਟੀ ਕਮਿਸ਼ਨਰ ਕੁਮਾਰ ਅਮਿਤ ਵੀ ਮੌਕੇ ’ਤੇ ਪੁੱਜੇ ਅਤੇ ਅਧਿਕਾਰੀਆਂ ਨੂੰ ਪਾਣੀ ਦੀ ਨਿਕਾਸੀ ਯਕੀਨੀ ਬਣਾਉਣ ਦੀ ਤਾਕੀਦ ਕੀਤੀ। ਇਸ ਮਗਰੋਂ ਸ਼ਾਮ 5 ਵਜੇ ਕਿਸਾਨਾਂ ਨੇ ਧਰਨਾ ਸਮਾਪਤ ਕੀਤਾ।

ਉਧਰ ਥਾਣਾ ਸਦਰ ਮੁਖੀ ਇੰਸਪੈਕਟਰ ਕਰਮਜੀਤ ਸਿੰਘ ਅਤੇ ਬਹਾਦਰਗੜ੍ਹ ਚੌਂਕੀ ਦੇ ਇੰਚਾਰਜ ਮਲਕੀਤ ਸਿੰਘ ਸਮੇਤ ਕੁਝ ਹੋਰ ਅਧਿਕਾਰੀਆਂ ਨੇ ਨਿੱਜੀ ਦਿਲਚਸਪੀ ਲੈਂਦਿਆਂ ਪਾਣੀ ਨੂੰ ਸੜਕ ਦੇ ਪਰਲੇ ਪਾਸੇ ਟਪਾਉਣ ਲਈ ਇੰਜਣਾਂ ਅਤੇ ਮਸ਼ੀਨਾਂ ਦਾ ਪ੍ਰਬੰਧ ਕੀਤਾ। ਰਾਤੀ 9 ਵਜੇ ਤੱਕ ਵੀ ਵੱਖ ਵੱਖ ਥਾਵਾਂ ’ਤੇ ਪਾਣੀ ਦੀ ਨਿਕਾਸੀ ਲਈ ਸਰਗਰਮੀਆਂ ਜਾਰੀ ਸਨ। ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਮਨਪ੍ਰੀਤ ਸਿੰਘ ਦੂਆ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਰਾਤ ਤੱਕ ਪਾਣੀ ਦੀ ਨਿਕਾਸੀ ਲਈ ਕਾਰਵਾਈ ਕਰਨਗੇ। ਇਸੇ ਦੌਰਾਨ ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂ ਸਵਰਨ ਸਿੰਘ ਧਰੇੜੀ, ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਸੁਰਿੰਦਰਪਾਲ ਗੌਸਪੁਰਾ, ਇੰਦਰਮੋਹਣ ਘੁਮਾਣਾ ਤੇ ਜਸਦੇਵ ਨੂਗੀ ਨੇ ਪਾਣੀ ਦੀ ਨਿਕਾਸੀ ਲਈ ਸੜਕਾਂ ਦੇ ਹੇਠਾਂ ਪੁਲੀਆਂ ਬਣਾਉਣ ਦੀ ਮੰਗ ਕੀਤੀ।

## ਖੂਹੀ 'ਚ ਡਿੱਗਣ ਕਾਰਨ ਬੱਚੀ ਦੀ ਮੌਤ

## ਲੌਂਗੋਵਾਲ ਨੇੜੇ ਪਿੰਡ ਰੱਤੋ ਕੇ ਵਿੱਚ ਵਾਪਰੀ ਘਟਨਾ

*** ਪੁਲੀਸ ਨੇ ਧਾਰਾ 174 ਤਹਿਤ ਕਾਰਵਾਈ ਕੀਤੀ**

**ਜਗਤਾਰ ਸਿੰਘ ਨਹਿਲ**

**ਲੌਂਗੋਵਾਲ, 23 ਜੁਲਾਈ**

ਨੇੜਲੇ ਪਿੰਡ ਰੱਤੋ ਕੇ ਵਿੱਚ ਖੇਤ ਮਜ਼ਦੂਰ ਪਰਿਵਾਰ ਨਾਲ ਸਬੰਧਤ 6 ਸਾਲਾਂ ਦੀ ਲੜਕੀ ਬੋਰ ਵਾਲੀ ਖੂਹੀ ਵਿੱਚ ਡਿੱਗ ਪਈ ਜਿਸ ਕਾਰਨ ਉਸ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਰੱਤੋ ਕੇ ਦੇ ਕਿਸਾਨ ਕੁੱਕੂ ਸਿੰਘ ਦੇ ਖੇਤ ਵਿੱਚ ਮਜ਼ਦੂਰੀ ਕਰਨ ਵਾਲਾ ਜੋਗਿੰਦਰ ਸਿੰਘ ਆਪਣੇ ਪਰਿਵਾਰ ਸਮੇਤ ਝੋਨੇ ਦੀ ਪਨੀਰੀ ਪੁੱਟ ਰਿਹਾ ਸੀ। ਜੋਗਿੰਦਰ ਸਿੰਘ ਨੇ ਆਪਣੀ ਦੋਹਤੀ ਰਮਨਦੀਪ ਕੋਰ (6) ਆਪਣੇ ਕੋਲ ਰੱਖੀ ਹੋਈ ਸੀ ਜੋ ਕਿ ਉਸ ਦੇ ਕੋਲ ਹੀ ਖੇਡ ਰਹੀ ਸੀ। ਰਮਨਦੀਪ ਕੌਰ ਖੇਡਦੀ ਹੋਈ ਅਚਾਨਕ ਬੋਰਵਾਲੀ ਖੂਹੀ 'ਚ ਜਾ ਡਿੱਗੀ। ਬੱਚੀ ਨੂੰ ਡਾਕਟਰੀ ਸਹਾਇਤਾ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਲਿਜਾਇਆ ਗਿਆ ਜਿੱਥੇ ਕਿ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਲੌਂਗੋਵਾਲ ਪੁਲੀਸ ਨੇ ਇਸ ਘਟਨਾ ਦੇ ਸਬੰਧ ਵਿੱਚ ਮ੍ਰਿਤਕ ਬੱਚੀ ਰਮਨਦੀਪ ਕੋਰ ਦੇ ਨਾਨਾ ਜੋਗਿੰਦਰ ਸਿੰਘ ਦੇ ਬਿਆਨਾ ਦੇ ਆਧਾਰ 'ਤੇ ਧਾਰਾ 174 ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਇਸ ਘਟਨਾ ਕਾਰਨ ਪਿੰਡ ਰੱਤੋ ਕੇ ਵਿੱਚ ਸੋਗ ਦਾ ਮਾਹੌਲ ਹੈ।

ਇਲਾਕੇ ਦੇ ਵਸਨੀਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਬੋਰ ਵਾਲੀਆਂ ਖੂਹੀਆਂ ਨੂੰ ਮਿੱਟੀ ਨਾਲ ਭਰਿਆ ਜਾਵੇ ਤਾਂ ਕਿ ਬੱਚੇ ਉਨ੍ਹਾਂ ਵਿੱਚ ਡਿੱਗ ਕੇ ਆਪਣੀ ਜਾਨ ਨਾ ਗਵਾਉਣ। ਜ਼ਿਕਰਯੋਗ ਹੈ ਕਿ ਦੇਸ਼ ਵਿੱਚ ਪਹਿਲਾਂ ਵੀ ਬੋਰਵੈੱਲਾਂ ਵਿੱਚ ਡਿੱਗਣ ਕਾਰਨ ਕਈ ਬੱਚਿਆਂ ਦੀ ਜਾਨ ਜਾਂ ਚੁੱਕੀ ਹੈ ਤੇ ਪ੍ਰਸ਼ਾਸਨ ਨੂੰ ਇਸ ਵਰਤਾਰੇ ਨੂੰ ਰੋਕਣ ਬਾਰੇ ਗੰਭੀਰਤਾ ਨਾਲ ਕਦਮ ਚੁੱਕਣੇ ਚਾਹੀਦੇ ਹਨ।

## ਔਰਤਾਂ ਨੇ ਬੋਲੀਆਂ ਰਾਹੀਂ ਸਾਧੇ ਕੇਂਦਰ 'ਤੇ ਨਿਸ਼ਾਨੇ

## ਕਿਸਾਨ ਮੋਰਚੇ 'ਚ ਮਨਾਇਆ ਤੀਆਂ ਦਾ ਤਿਉਹਾਰ; ਬੀਬੀਆਂ ਨੇ ਮੋਦੀ ਦੀਆਂ ਨੀਤੀਆਂ ਨੂੰ ਭੰਡਿਆ

**ਗੁਰਨਾਮ ਸਿੰਘ ਚੌਹਾਨ**

**ਪਾਤੜਾਂ, 23 ਜੁਲਾਈ**

ਖੇਤੀ ਕਾਨੂੰਨਾਂ ਵਿਰੁੱਧ ਪਾਤੜਾਂ ਪਟਿਆਲਾ ਮੁੱਖ ਮਾਰਗ 'ਤੇ ਰਿਲਾਇੰਸ ਪੰਪ ਉੱਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਚੱਲ ਰਹੇ ਲਾਗਤਾਰ ਧਰਨੇ ਦੌਰਾਨ ਵੱਡੀ ਗਿਣਤੀ ਵਿੱਚ ਔਰਤਾ ਨੇ ਸ਼ਮੂਲੀਅਤ ਕੀਤੀ। ਇਸੇ ਦੌਰਾਨ ਔਰਤਾਂ ਨੇ ਤੀਆਂ ਦਾ ਤਿਉਹਾਰ ਮਨਾਉਂਦਿਆਂ ਗਿੱਧਾ ਪਾਇਆ ਤੇ ਮੋਦੀ ਸਰਕਾਰ ਖ਼ਿਲਾਫ਼ ਰੱਜ ਕੇ ਵਿਅੰਗ ਕੱਸ ਕੇ ਖੇਤੀ ਕਾਨੂੰਨਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਰੋਸ ਪ੍ਰਦਰਸ਼ਨ ਦੌਰਾਨ ਧਰਨਾਕਾਰੀਆਂ ਨੇ ਕੇਂਦਰ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ

ਕੀਤੀ। ਜਸਵਿੰਦਰ ਕੌਰ ਕਾਹਨਗੜ੍ਹ, ਸਿਮਰਜੀਤ ਕੌਰ ਨਨਹੇੜਾ, ਜਸਪਾਲ ਕੌਰ ਘੱਗਾ, ਸੁਰਿੰਦਰ ਕੌਰ, ਜਸਵੰਤ ਕੌਰ, ਗੁਰਮੇਲ ਕੌਰ ਬਣਵਾਲਾ, ਕੁਲਵੰਤ ਕੌਰ ਦਫਤਰੀਵਾਲਾ, ਗੁਰਪ੍ਰੀਤ ਕੌਰ ਬਰਾਸ, ਕਮਲਜੀਤ ਕੌਰ ਅਤੇ ਗੁਰਮੀਤ ਕੌਰ ਆਦਿ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਖੇਤੀ ਕਾਨੂੰਨਾਂ ਦੇ ਵਿਰੁੱਧ ਵਿਚ ਡਟੇ ਕਿਸਾਨ ਭਰਾਵਾਂ ਨੇ ਸਰਦੀ ਗਰਮੀ ਸਭ ਕੁਝ ਬਰਦਾਸ਼ਤ ਕੀਤਾ ਹੈ। ਸੱਤ ਮਹੀਨੇ ਦੇ ਸਮੇਂ ਦੌਰਾਨ ਛੇ ਸੌ ਤੋਂ ਵੱਧ ਕਿਸਾਨਾਂ ਨੇ ਸ਼ਹੀਦੀ ਜਾਮ ਪੀ ਲਿਆ ਹੈ ਪਰ ਮੋਦੀ ਸਰਕਾਰ ਆਪਣੀ ਜ਼ਿੱਦ ਉੱਤੇ ਅੜੀ ਹੋਈ ਹੈ।

**ਲਹਿਰਾਗਾਗਾ (ਪੱਤਰ ਪ੍ਰੇਰਕ):** ਇਥੇ ਲਹਿਲ ਖੁਰਦ ਕੈਂਚੀਆਂ ਨੇੜੇ ਰਿਲਾਇੰਸ ਦੇ ਪੈਟਰੋਲ ਪੰਪ ’ਤੇ ਕਾਲੇ ਖੇਤੀਬਾੜੀ ਵਿਰੋਧੀ ਕਾਨੂੰਨਾਂ ਖ਼ਿਲਾਫ਼ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾਗਾਗਾ ਦੇ ਪ੍ਰਧਾਨ ਧਰਮਿੰਦਰ ਸਿੰਘ ਪਸ਼ੌਰ ਦੀ ਅਗਵਾਈ ’ਚ ਲੰਘੀ ਰਾਤ ਤੋਂ ਹੋ ਰਹੀ ਬਾਰਿਸ਼ ’ਚ ਵੱਡੀ ਗਿਣਤੀ ’ਚ ਕਾਰਕੁਨਾਂ ਨੇ ਪੱਕੇ ਮੋਰਚਾ ’ਚ ਸ਼ਿਕਰਤ ਕੀਤੀ। ਇਸ ਮੌਕੇ ਮੋਦੀ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਜਸਵਿੰਦਰ ਸਿੰਘ ਸੂਬੇ ਸੰਗਤਪੁਰਾ, ਬਹਾਦਰ ਸਿੰਘ ਭੁਟਾਲਖੁਰਦ, ਹਰਜਿੰਦਰ ਸਿੰਘ ਨੰਗਲਾ, ਬਿੰਦਰ ਸਿੰਘ ਖੋਖਰ, ਬਲਜੀਤ ਸਿੰਘ ਗੋਬਿੰਦਗੜ੍ਹ ਜੇਜੀਆਂ, ਰਮਾਚੰਦ ਸਿੰਘ ਚੋਟੀਆਂ, ਨਿੰਮਾ ਸਿੰਘ ਗਾਗਾ, ਬਿੰਦਰ ਸਿੰਘ ਸੇਖਵਾਸ, ਗੁਰਮੇਲ ਕੋਰ ਗਿਦੜਿਆਣੀ, ਮਨਪ੍ਰੀਤ ਕੌਰ ਰਾਏਧਰਾਣਾ, ਅਮਰਜੀਤ ਕੌਰ ਨੰਗਲਾ ਨੇ ਸੰਬੋਧਨ ਕੀਤਾ।

## 1.1.5 ਅਖ਼ਬਾਰੀ ਲੇਖ ਅਤੇ ਸੰਪਾਦਕੀ ਲੇਖ

ਆਮ ਤੌਰ ਤੇ ਅਖ਼ਬਾਰ ਦੀ ਸਮੱਗਰੀ ਦੇਖਣ ਤੇ ਪਤਾ ਚਲਦਾ ਹੈ ਕਿ ਅਖ਼ਬਾਰ ਵਿਚ ਕੇਵਲ ਖ਼ਬਰਾਂ ਹੀ ਨਹੀਂ ਛਪਦੀਆਂ ਸਗੋਂ ਇਸ ਤੋਂ ਬਿਨ੍ਹਾਂ ਆਰਟੀਕਲ, ਫ਼ੀਚਰ, ਸੰਪਾਦਕੀ ਲੇਖ ਅਤੇ ਇਸ਼ਤਿਹਾਰ ਵੀ ਛਪਦੇ ਹਨ ਇਸਦਾ ਭਾਵ ਇਹ ਹੋਇਆ ਕਿ ਅਖ਼ਬਾਰ ਵਿਚ ਖ਼ਬਰਾਂ ਤੋਂ ਬਿਨ੍ਹਾਂ ਵਿਚਾਰ ਅਤੇ ਇਸ਼ਤਿਹਾਰ ਵੀ ਮਹੱਤਤਾ ਰੱਖਦੇ ਹਨ। ਅਖ਼ਬਾਰ ਦੇ ਜੇਕਰ ਢਾਂਚੇ ਦੀ ਗੱਲ ਕਰੀਏ ਤਾਂ ਇਸਦੇ ਸੰਪਾਦਕੀ ਪੰਨੇ ਉੱਪਰ ਸੰਪਾਦਕੀ ਲੇਖ ਤੋਂ ਇਲਾਵਾ ਵਿਸ਼ੇਸ਼ ਲੇਖ, ਮਿਡਲ, ਫ਼ੀਚਰ ਅਤੇ ਸੰਪਾਦਕ ਦੇ ਨਾਮ ਪੱਤਰ ਛਾਪੇ ਜਾਂਦੇ ਹਨ। ਸੰਪਾਦਕੀ ਪੰਨੇ ਉੱਪਰ ਛਪਣ ਵਾਲੀ ਸਾਰੀ ਸਮੱਗਰੀ ਬਹੁਤ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਖ਼ਬਰਾਂ ਤੋਂ ਬਾਅਦ ਸੰਪਾਦਕੀ ਲੇਖ ਜਾਂ ਅਖ਼ਬਾਰੀ ਲੇਖ ਪਾਠਕਾਂ ਦੀ ਚੇਤਨਾ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਹਨਾਂ ਨੂੰ ਨਵੇਂ ਵਿਸ਼ੇ ਉੱਪਰ ਚਿੰਤਨ ਕਰਨ ਲਈ ਉਤਸ਼ਾਹਿਤ ਕਰਦੇ ਹਨ। ਪੱਤਰਕਾਰੀ ਦੇ ਖੇਤਰ ਵਿਚ ਅਖ਼ਬਾਰੀ ਲੇਖ ਇੱਕ ਅਜਿਹਾ ਸੰਕਲਪ ਹੈ ਜਿਸਨੂੰ ਅਖ਼ਬਾਰ ਦੀ ਰੂਹ ਕਿਹਾ ਜਾ ਸਕਦਾ ਹੈ। ਜੇਕਰ ਅਸੀਂ ਸੰਪਾਦਕੀ ਲੇਖ ਅਤੇ ਅਖ਼ਬਾਰੀ ਲੇਖ ਵਿਚ ਅੰਤਰ ਕਰਨਾ ਹੋਵੇ ਤਾਂ ਮੁੱਖ ਅੰਤਰ ਇਹ ਹੈ ਕਿ ਸੰਪਾਦਕੀ ਲੇਖ ਅਖ਼ਬਾਰ ਦੇ ਸੰਪਾਦਕ ਜਾਂ ਉਪ ਸੰਪਾਦਕ ਵੱਲੋਂ ਲਿਖਿਆ ਗਿਆ ਹੁੰਦਾ ਹੈ ਅਤੇ ਇਸ ਵਿਚ ਛਪਣ ਵਾਲੇ ਵਿਚਾਰ ਉਸ ਸੰਸਥਾ ਦੇ ਵਿਚਾਰ ਹੁੰਦੇ ਹਨ ਉਸ ਤੋਂ ਅਖ਼ਬਾਰ ਦੀ ਵਿਚਾਰਧਾਰਾ, ਅਖ਼ਬਾਰ ਦੇ ਦ੍ਰਿਸ਼ਟੀਕੋਣ ਦਾ ਪਤਾ ਚਲ ਜਾਂਦਾ ਹੈ ਸੰਪਾਦਕੀ ਲੇਖ ਅਸਲ ਵਿਚ ਅਖ਼ਬਾਰ ਦੀ ਨੀਤੀ ਦਾ ਦਰਪਣ ਹੁੰਦਾ ਹੈ ਜਿਸ ਤੋਂ ਵੱਖ-ਵੱਖ ਮੁੱਦਿਆਂ ਬਾਰੇ ਅਖ਼ਬਾਰ ਦੀ ਸੁਰ ਦਾ ਪਤਾ ਚੱਲਦਾ ਹੈ ਪ੍ਰੰਤੂ ਸੰਪਾਦਕੀ ਪੰਨੇ ਉੱਪਰ ਛਪਣ ਵਾਲੇ ਅਖ਼ਬਾਰੀ ਲੇਖ ਵਿਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਵਿਦਵਾਨਾਂ, ਮਾਹਿਰਾਂ ਵੱਲੋਂ ਤੱਤਕਾਲੀਨ ਜਾਂ ਇਤਿਹਾਸਿਕ ਮਸਲਿਆਂ ਉੱਪਰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੁੰਦੀ ਹੈ ਸੰਪਾਦਕੀ ਲੇਖ ਦੇ ਮੁਕਾਬਲੇ ਫ਼ਰਕ ਇਹ ਹੈ ਕਿ ਇਹ ਵਿਚਾਰ ਨਿੱਜੀ ਹੁੰਦੇ ਹਨ ਅਤੇ ਲੇਖਕ ਇਹਨਾਂ ਵਿਚਾਰਾਂ ਪ੍ਰਤੀ ਜਵਾਬਦੇਹ ਹੁੰਦਾ ਹੈ। ਆਮ

ਤੌਰ 'ਤੇ ਅਖ਼ਬਾਰੀ ਲੇਖ ਕਿਸੇ ਚਲੰਤ ਜਾਂ ਵਾਦ-ਵਿਵਾਦ ਵਾਲੇ ਵਿਸ਼ੇ ਬਾਰੇ ਲੇਖਕ ਦੁਆਰਾ ਤਰਕਮਈ ਤਰੀਕੇ ਨਾਲ ਲਿਖਿਆ ਜਾਂਦਾ ਹੈ ਇਸ ਤਰ੍ਹਾਂ ਦੇ ਲੇਖ ਲਿਖਣ ਜ਼ਰੂਰੀ ਹੈ ਕਿ ਲੇਖਕ ਨੂੰ ਸਬੰਧਿਤ ਵਿਸ਼ੇ ਬਾਰੇ ਡੂੰਘੀ ਜਾਣਕਾਰੀ ਹੋਵੇ ਸੰਪਾਦਕੀ ਤੋਂ ਬਾਅਦ ਅਖ਼ਬਾਰੀ ਲੇਖ ਹੀ ਅਜਿਹੀ ਵਿਧਾ ਹੈ ਜੋ ਗੰਭੀਰ ਪਾਠਕਾਂ ਲਈ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਜਿਸ ਵਿਚ ਕਿਸੇ ਖ਼ਾਸ ਵਿਸ਼ੇ ਬਾਰੇ ਆਪਣੇ ਨੁਕਤਾ ਨਜ਼ਰੀਏ ਨੂੰ ਪੇਸ਼ ਕੀਤਾ ਗਿਆ ਹੁੰਦਾ ਹੈ ਅਖ਼ਬਾਰੀ ਲੇਖਾਂ ਵਿਚ ਲੇਖਕ ਦੇਸ਼ ਵਿਦੇਸ਼ ਦੇ ਮਹੱਵਤਪੂਰਨ ਮਸਲਿਆਂ ਬਾਰੇ ਖੋਜੀ ਬਿਰਤੀ ਰਾਹੀਂ ਸਾਰੇ ਪੱਖਾਂ ਤੋਂ ਰੌਸ਼ਨੀ ਪਾਉਂਦਾ ਹੋਇਆ ਪਾਠਕਾਂ ਲਈ ਰਾਹ ਦਸੇਰਾ ਬਣਦਾ ਹੈ। ਵੈਸੇ ਅਖ਼ਬਾਰੀ ਲੇਖ ਲਿਖਣਾ ਏਨਾ ਸੌਖਾ ਕਾਰਜ ਨਹੀਂ ਹੈ ਇਸ ਲਈ ਲੇਖਕ ਕੋਲੇ ਸਬੰਧਿਤ ਵਿਸ਼ੇ ਬਾਰੇ ਡੂੰਘੇਰੀ ਜਾਣਕਾਰੀ ਹੋਣੀ ਜ਼ਰੂਰੀ ਹੈ ਤਾਂ ਜੋ ਉਹ ਪਾਠਕਾਂ ਅੱਗੇ ਵਿਸ਼ੇ ਦੇ ਹਰ ਪੱਖ ਨੂੰ ਉਭਾਰਿਆ ਜਾਵੇ। ਅਖ਼ਬਾਰੀ ਲੇਖ ਲਿਖਣ ਲਈ ਜ਼ਰੂਰੀ ਹੈ ਕਿ ਅਖ਼ਬਾਰਾਂ ਨੂੰ ਪੜ੍ਹਿਆ ਜਾਵੇ ਤਾਂ ਜੋ ਲੇਖਕ ਨੂੰ ਦੁਨੀਆਂ ਭਰ ਵਿਚ ਵਾਪਰ ਰਹੇ ਵਰਤਾਰਿਆਂ ਬਾਰੇ ਡੂੰਘੀ ਜਾਣਕਾਰੀ ਹੋਵੇ। ਲੇਖਕ ਨੇ ਵਿਸ਼ੇ ਦੀ ਪਹਿਲੀ ਅਤੇ ਆਖ਼ਰੀ ਤੰਦ ਤੱਕ ਪਹੁੰਚਣਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਵਿਸ਼ੇ ਦੀ ਡੂੰਘਾਈ ਨਾਲ ਸਾਰ ਲਈ ਜਾਵੇ। ਪਹਿਲਾਂ ਜ਼ਿਆਦਾਤਰ ਅਖ਼ਬਾਰੀ ਲੇਖ ਸੰਪਾਦਕਾਂ ਦੁਆਰਾ ਹੀ ਲਿਖੇ ਜਾਂਦੇ ਸਨ ਪ੍ਰੰਤੂ ਹੁਣ ਵਿਸ਼ਿਆਂ ਵਿਚ ਵੰਨ-ਸੁਵੰਨਤਾ ਆਉਣ ਨਾਲ ਅਲੱਗ-ਅਲੱਗ ਵਿਸ਼ਿਆਂ ਦੇ ਮਾਹਿਰਾਂ ਦੁਆਰਾ ਹੀ ਅਖ਼ਬਾਰੀ ਲੇਖ ਲਿਖੇ ਜਾਂਦੇ ਹਨ ਵੱਖ-ਵੱਖ ਅਖ਼ਬਾਰਾਂ ਵਿਚ ਵੱਖ-ਵੱਖ ਅਖ਼ਬਾਰੀ ਲੇਖਾਂ ਲਈ ਅਲੱਗ-ਅਲੱਗ ਵਿਸ਼ਾ ਮਾਹਿਰ ਲੇਖ ਲਿਖਦੇ ਹਨ ਅਖ਼ਬਾਰੀ ਲੇਖਾਂ ਵਿਚ ਲੇਖਕ ਵਿਸਥਾਰ ਵਿਚ ਤੱਥਾਂ ਦੀ ਵਿਆਖਿਆ ਆਪਣੇ ਨਜ਼ਰੀਏ ਤੋਂ ਕਰਦਾ ਹੈ ਜਿਸ ਕਾਰਨ ਇਸ ਦੀ ਸ਼ੈਲੀ ਗੰਭੀਰ ਹੁੰਦੀ ਹੈ ਸੋ ਇਸ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਅਖ਼ਬਾਰੀ ਜਗਤ ਵਿਚ ਅਖ਼ਬਾਰੀ ਲੇਖਾਂ ਦੀ ਆਪਣੀ ਮਹੱਤਤਾ ਹੈ ਇਹਨਾਂ ਨੂੰ ਅਖ਼ਬਾਰ ਦੀ ਰੂਹ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਦੇ ਹਨ।

# ਅਖਬਾਰੀ ਲੇਖ ਨਮੂਨਾ

## ਘੱਟੋਂ-ਘੱਟ ਸਮਰਥਨ ਮੁੱਲ ਬਾਰੇ ਅੰਕੜਿਆਂ ਦੀ ਬਾਜ਼ੀਗਰੀ

**ਹਮੀਰ ਸਿੰਘ**

ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਲਈ ਕਾਨੂੰਨੀ ਗਰੰਟੀ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿਚ ਫੈਲ ਰਹੇ ਕਿਸਾਨ ਅੰਦੋਲਨ ਦੇ ਖਿਲਾਫ਼ ਕਾਰਪੋਰੇਟ ਹਮਾਇਤੀ ਅਰਥ ਸ਼ਾਸਤਰੀ ਅੰਕੜਿਆਂ ਦੀ ਬਾਜ਼ੀਗਰੀ ਕਰ ਰਹੇ ਹਨ। ਫਰੇਬੀ ਤਰੀਕੇ ਨਾਲ ਸਹੀ ਤੱਥ ਲਕੋ ਕੇ ਅਤੇ ਤੱਥਾਂ ਦੀ ਮਨਘੜਤ ਵਿਆਖਿਆ ਰਾਹੀਂ ਕਿਸਾਨੀ ਮੰਗਾਂ ਮੰਨਣ ਦੀ ਕੇਂਦਰ ਸਰਕਾਰ ਦੀ ਹੈਸੀਅਤ ਹੀ ਨਾ ਹੋਣ ਦਾ ਬਿਰਤਾਂਤ ਲੰਮੇ ਸਮੇਂ ਤੋਂ ਸਿਰਜਿਆ ਜਾ ਰਿਹਾ ਹੈ। ਪਿਛਲੇ ਦਿਨਾਂ ਤੋਂ ਅਜਿਹੇ ਅਰਥ ਸ਼ਾਸ਼ਤਰੀਆਂ ਵੱਲੋਂ ਪੇਸ਼ ਕੀਤੇ ਜਾ ਰਹੇ ਅੰਕੜਿਆਂ ਦੇ ਮੁਕਾਬਲੇ ਸਾਹਮਣੇ ਲਿਟਾਂਦੇ ਤੱਥਾਂ ਦੇ ਜਵਾਬ ਨੇ ਉਨ੍ਹਾਂ ਦਾ ਮੂੰਹ ਬੰਦ ਕਰ ਦਿੱਤਾ ਹੈ। ਜਾਣੇ ਪਛਾਣੇ ਪੱਤਰਕਾਰ ਕਰਨ ਥਾਪਰ ਨੇ ਕਾਰਪੋਰੇਟ ਪੱਖੀ ਅਰਯਥ ਸ਼ਾਸਤਰੀ ਅਸ਼ੋਕ ਗੁਲਾਟੀ ਅਤੇ ਉਸ ਦੇ ਤੱਥਾਂ ਨੂੰ ਝੁਠਲਾਉਣ ਵਾਲੀ ਰੀਤਿਕਾ ਖੇੜਾ ਨਾਲ ਕੀਤੀਆਂ ਮੁਲਾਕਾਤਾਂ ਇਸ ਦੀ ਮੂੰਹ ਬੋਲਦੀ ਤਸਵੀਰ ਹੈ।

ਸ਼ਾਂਤਾ ਕੁਮਾਰ ਕਮੇਟੀ ਨੇ 2015 'ਚ ਪੇਸ਼ ਕੀਤੀ ਰਿਪੋਰਟ 'ਚ 2012-13 ਦੇ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ (ਐਨਐੱਸਐੱਸਓ) ਦੇ ਅੰਕੜਿਆਂ ਨੂੰ ਆਧਾਰ ਬਣਾ ਕੇ ਕਿਹਾ ਸੀ ਕਿ ਘੱਟੋ-ਘੱਟ ਸਮਰਥਨ ਮੁੱਲ ਦਾ ਲਾਭ ਦੇਸ਼ ਦੇ ਕੇਵਲ ਛੇ ਫੀਸਦ ਕਿਸਾਨਾਂ ਨੂੰ ਮਿਲਦਾ ਹੈ। ਇਸੇ ਨੂੰ ਅੱਗੇ ਵਧਾਉਂਦਿਆ ਅਸ਼ੋਕ ਗੁਲਾਟੀ ਆਪਣੇ ਲੇਖਾਂ 'ਚ ਮੁੜ ਮੁੜ ਇਸ ਬਿਰਤਾਂਤ ਨੂੰ ਪੁਖ਼ਤਾ ਕਰਨ ਲਈ ਕਹਿੰਦਾ ਰਿਹਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦਾ ਫਾਇਦਾ ਕੇਵਲ ਛੇ ਫੀਸਦੀ ਕਿਸਾਨਾਂ, ਉਹ ਵੀ ਵੱਡੇ ਕਿਸਾਨਾਂ ਐਤ ਕੇਵਲ ਪੰਜਾਬ, ਹਰਿਆਣਾ ਤੇ ਕੁਝ ਹਿੱਸਾ ਪੱਛਮੀ ਯੂਪੀ ਦੇ ਕਿਸਾਨਾਂ ਨੂੰ ਹੀ ਹੋ ਰਿਹਾ ਹੈ। ਇਸੇ ਲਈ ਉਹ ਕਾਪਰੋਰੇਟ ਨਿਵੇਸ਼ ਦੇ ਨਾਮ ਉੱਤੇ ਖੇਤੀ ਨੂੰ ਖੁੱਲ੍ਹੀ ਮੰਡੀ ਦੇ ਹਵਾਲੇ ਕਰ ਦੇਣ ਦੀ ਜ਼ੋਰਦਾਰ ਵਕਾਲਤ ਕਰ ਰਿਹਾ ਹੈ। ਇਸ ਦੇ ਨਾਲ ਹੀ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੀ ਕਿਸਾਨਾਂ ਦੀ ਮੰਗ ਨੂੰ ਵੀ ਗੈਰ ਵਾਜਿਬ ਕਰਾਰ ਦਿੱਤਾ ਜਾਂਦਾ ਹੈ।

ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪਹਿਲਾਂ ਤਿੰਨ ਖੇਤੀ ਆਰਡੀਨੈਂਸਾਂ ਸਮੇਂ ਕਹੀ ਗੱਲ ਇੱਕ ਅਖ਼ਬਾਰ ਦੀ ਇੰਟਰਵਿਊ ਵਿਚ ਦੁਹਰਾਈ ਹੈ। ਉਸ ਨੇ ਹਿਕਾ ਹੈ ਕਿ ਦੇਸ਼ ਸਾਹਮਣੇ ਵਾਧੂ ਅਨਾਜ ਭੰਡਾਰ ਅਤੇ ਘੱਟੋ-ਘੱਟ ਸਮਰਥਨ ਮੁੱਲ ਦਾ ਕੌਮਾਂਤਰੀ ਅਤੇ ਕੌਮੀ ਮੰਡੀ ਨਾਲੋਂ ਕਾਫ਼ੀ ਵੱਧ ਹੋਣਾ ਵੱਡਾ ਸੰਕਟ ਬਣ ਕੇ ਖੜ੍ਹਾ ਹੈ। ਉਹ ਇਹ ਦੱਸਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਖੇਤੀ ਜਿਣਸਾਂ ਤੋਂ ਬਣਾਏ ਸਮਾਨ ਦੀ ਐੱਮਆਰਪੀ ਅਜਿਹਾ ਸੰਕਟ ਕਦੇ ਕਿਉਂ ਪੈਦਾ ਨਹੀਂ ਕਰਦੀ? ਉਸ ਨੂੰ ਆਮ ਲੋਕਾਂ ਦੀ ਪਹੁੰਚ ਵਿਚ ਰੱਖਣ ਲਈ ਸਰਕਾਰ ਕੋਈ ਕਦਮ ਕਿਉਂ ਨਹੀਂ ਉਠਾਉਂਦੀ? ਮੰਤਰੀ ਦਾ ਬਿਆਨ ਕੇਂਦਰ ਸਰਕਾਰ ਅਤੇ ਉਸ ਦੇ ਹਮਾਇਤੀ ਅਰਥ ਸ਼ਾਸਤਰੀਆਂ ਦੇ ਖੇਤੀ ਨੂੰ ਕਾਰਪੋਰੇਟ ਹਾਵਲੇ ਕਰਨ ਦੇ ਇਰਾਦਿਆਂ ਦੀ ਪੁਸ਼ਟੀ ਕਰਨ ਵਾਲਾ ਹੈ। ਇਸੇ ਵਾਸਤੇ ਕੇਂਦਰ ਸਰਕਾਰ ਇਹ ਕਹਿ ਰਹੀ ਹੈ ਕਿ ਕਾਨੂੰਨਾਂ ਵਿਚ ਸੋਧਾਂ ਜਿੰਨੀਆਂ ਮਰਜ਼ੀ ਕਰਵਾ ਲਵੋ ਪਰ ਕਾਨੂੰਨ ਵਾਪਸੀ ਦੀ ਗੱਲ ਛੱਡ ਦਿੱਤੀ ਜਾਵੇ। ਜਿਸ ਨਾਲ ਕਾਰਪੋਰੇਟਾਂ ਦੇ ਖੇਤਾਂ ਤੱਕ ਜਾਣ ਅਤੇ ਰਾਜਾਂ ਦੇ ਅਧਿਕਾਰਾਂ ਨੂੰ ਹੜੱਪ ਕੇ ਕੇਂਦਰ ਕੋਲ ਖੇਤੀ ਖੇਤਰ ਵਿਚ ਵੀ ਕਾਨੂੰਨ ਬਣਾਉਣ ਦਾ ਰਾਹ ਹੜੱਪ ਦੇ ਕੇਂਦਰ ਕੋਲ ਖੇਤੀ ਖੇਤਰ ਵਿਚ ਵੀ ਕਾਨੂੰਨ ਬਣਾਉਣ ਦਾ ਰਾਹ ਖੁੱਲ੍ਹ ਜਾਵੇਗਾ।

ਕਾਰਪੋਰੇਟ ਹਮਾਇਤੀਆਂ ਦੇ ਅੰਕੜਿਆਂ ਦਾ ਫਰਾਡ ਰਿਤਿਕਾ ਖੇੜਾ ਅਤੇ ਉਨ੍ਹਾਂ ਦੇ ਸਾਥੀਆਂ ਦੇ ਅਧਿਐਨ ਤੋਂ ਸਾਫ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਹਰੀਸ਼ ਦਮੋਦਰਨ ਦੀ ਲਿਖਤ ਵੀ ਇਸ ਦਿਸ਼ਾ ਵੱਲ ਵੱਡੇ ਇਸ਼ਾਰੇ ਕਰ ਚੁੱਕੀ ਹੈ। ਕੇਂਦਰ ਸਰਕਾਰ ਨੇ 1997-98 ਤੋਂ ਫਸਲ ਖਰੀਦ ਦੇ ਵਿਕੇਂਦਰੀਕਰਨ ਦੀ ਨੀਤੀ ਲਾਗੂ ਕੀਤੀ। ਇਸ ਤਹਿਤ ਸੂਬੇ ਘੱਟੋ-ਘੱਟ ਸਮਰਥਨ ਮੁੱਲ ਉੱਤੇ ਫਸਲਾਂ ਦੀ ਖਰੀਦ ਕਰ ਸਕਦੇ ਹਨ ਅਤੇ ਬਾਅਦ ਵਿਚ ਕੇਂਦਰ ਸਰਕਾਰ ਉਨ੍ਹਾਂ ਦੇ ਪੈਸੇ ਦਾ ਭੁਗਤਾਨ ਕਰ ਦਿੰਦੀ ਹੈ। ਲਗਭਗ 2005 ਤੱਕ ਤਾਂ ਇਸ ਨੀਤੀ ਵੱਲ ਜ਼ਿਆਦਾ ਸੂਬਿਆਂ ਨੇ ਗੌਰ ਨਹੀਂ ਕੀਤੀ। ਜੁਲਾਈ 2015 ਤੋਂ ਲਗਭਗ 15 ਰਾਜਾਂ ਨੇ ਇਸ ਦਿਸ਼ਾ ਵੱਲ ਅਮਲ ਸ਼ੁਰੂ ਕਰ ਦਿੱਤਾ। 200 ਤੱਕ ਤਾਂ ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਤੋਂ ਬਾਹਰੋਂ ਕੇਵਲ 10 ਫੀਸਦ ਕਣਕ ਅਤੇ ਝੋਨਾ ਹੀ ਖਰੀਦਿਆ ਜਾਣ ਲੱਗਾ ਸੀ। 2012-13 ਤੱਕ ਵਿਕੇਂਦਰਤ ਖਰੀਦ ਵਾਲੇ ਰਾਜਾਂ ਦਾ ਖਰੀਦ ਦਾ ਹਿੱਸਾ ਵਧ ਕੇ 25 ਤੋਂ 35 ਫੀਸਦ ਤੱਕ ਹੋ ਗਿਆ ਸੀ। ਝੋਨੇ ਦੇ ਮਾਮਲੇ ਵਿਚ ਛਤੀਸਗੜ੍ਹ ਤੇ ਉੜੀਸਾ ਸਭ ਤੋਂ ਅੱਗੇ ਰਹੇ ਅਤੇ ਦੋਵੇਂ ਰਾਜਾਂ ਨੇ ਦੇਸ਼ ਵਿਚ ਝੋਨੇ ਤੇ ਕਣਕ ਦੀ ਕੁੱਲ ਖਰੀਦ ਵਿਚੋਂ ਦਸ ਦਸ ਫੀਸਦ ਹਿੱਸਾ ਖਰੀਦਣਾ ਸ਼ੁਰੂ ਕਰ ਦਿੱਤਾ ਸੀ।

ਕਣਕ ਮੱਧ ਪ੍ਰਦੇਸ਼ ਨੇ ਵੱਡੇ ਪੈਮਾਨੇ ਉੱਤੇ ਖਰੀਦਣੀ ਸ਼ੁਰੂ ਕਰ ਦਿੱਤੀ। 2020-21 ਦੇ ਸੀਜ਼ਨ ਦੌਰਾਨ ਮੱਧ ਪ੍ਰਦੇਸ਼ ਘੱਟੋ-ਘੱਟ ਸਮਰਥਨ ਮੁੱਲ ਉੱਤੇ ਕਣਕ ਦੀ ਖਰੀਦ ਵਿਚ ਪੰਜਾਬ ਨੂੰ ਵੀ ਮਾਤ ਦੇ ਗਿਆ। ਜੇ ਖੇਤੀ ਕਰਨ ਵਾਲੇ ਪਰਿਵਾਰਾਂ ਵਿਚੋਂ ਦੇਖਿਆ ਜਾਵੇ ਤਾਂ ਘੱਟੋ-ਘੱਟ ਸਮਰਥਨ ਮੁੱਲ ਉੱਤੇ ਕਣਕ ਵੇਚਣ ਵਾਲੇ ਕੁੱਲ ਕਿਸਾਨ ਪਰਿਵਾਰਾਂ ਵਿਚੋਂ 33 ਫੀਸਦ ਮੱਧ ਪ੍ਰਦੇਸ਼, 22 ਫੀਸਦ ਪੰਜਾਬ ਅਤੇ 18 ਫੀਸਦ ਹਿੱਸਾ ਹਰਿਆਣਾ ਦਾ ਹੈ। ਝੋਨੇ ਦੀ ਖਰੀਦ ਦੇ ਮਾਮਲੇ ਵਿਚ ਘੱਟੋ-ਘੱਟ ਸਮਰਥਨ ਮੁੱਲ ਉੱਤੇ ਵੇਚਣ ਵਾਲੇ ਕੁੱਲ ਪਰਿਵਾਰਾਂ ਵਿਚੋਂ ਪੰਜਾਬ ਦਾ ਹਿੱਸਾ 9 ਫੀਸਦ, ਹਰਿਆਣਾ ਦਾ 7 ਫੀਸਦ, ਉੜੀਸਾ 11 ਫੀਸਦ ਅਤੇ ਛਤੀਸਗੜ੍ਹ ਦਾ 33 ਫੀਸਦ ਹੈ।

ਕੇਵਲ ਵੱਡੇ ਕਿਸਾਨਾਂ ਨੂੰ ਹੀ ਲਾਭ ਹੋਣ ਦੇ ਕਾਰਪੋਰੇਟ ਹਮਾਇਤੀਆਂ ਦੇ ਅੰਕੜਿਆਂ ਨੂੰ ਸਰਕਾਰੀ ਅੰਕੜੇ ਹੀ ਝੁਠਲਾਉਂਦੇ ਹਨ। ਝੋਨਾ ਵੇਚਣ ਵਾਲੇ ਕਿਸਾਨਾਂ ਵਿਚੋਂ 10 ਹੈਕਟੇਅਰ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਦੀ ਗਿਣਤੀ ਇਕ ਫੀਸਦ ਬਣਦੀ ਹੈ। ਦੋ ਹੈਕਟੇਅਰ ਤੋਂ ਘੱਟ ਵਾਲੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਗਿਣਤੀ 70 ਫੀਸਦ ਹੈ। ਬਾਕੀ 29 ਫੀਸਦ ਕਿਸਾਨ ਪਰਿਵਾਰ 2 ਤੋਂ 20 ਹੈਕਟੇਅਰ ਦੇ ਵਿਚਕਾਰ ਵਾਲੇ ਹਨ। ਕਣਕ ਦੇ ਮਾਮਲੇ ਵਿਚ 3 ਫੀਸਦ ਕਿਸਾਨ ਵੱਡੇ ਹਨ ਤੇ 56 ਫੀਸਦ ਛੋਟੇ ਅਤੇ ਸੀਮਾਂਤ ਪਰਿਵਾਰ ਸਮਰਥਨ ਮੁੱਲ ਉੱਤੇ ਵੇਚਣ ਵਾਲਿਆਂ ਵਿਚ ਸ਼ਾਮਿਲ ਹਨ। ਝੋਨੇ ਦੀ ਵਿਕਰੀ ਵਾਲਿਆਂ ਵਿਚ ਪੰਜਾਬ ਵਿਚ 38 ਫੀਸਦ ਅਤੇ ਹਰਿਆਣਾ ਵਿਚ 58 ਫੀਸਦ ਹਿੱਸਾ ਛੋਟੇ ਤੇ ਸੀਮਾਂਤ ਕਿਸਾਨਾਂ ਦਾ ਹੈ। ਦੇਸ਼ ਦੇ 1 ਕਰੋੜ 10 ਲੱਖ ਕਿਸਾਨਾਂ ਨੂੰ ਝੋਨੇ ਅਤੇ 40 ਲੱਖ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਉੱਤੇ ਕਣਕ ਵੇਚਣ ਦਾ ਲਾਭ ਮਿਲ ਰਿਹਾ ਹੈ। ਇਸ ਤਰ੍ਹਾਂ ਕਰੀਬ 35 ਫੀਸਦ ਕਿਸਾਨਾਂ ਨੂੰ ਇਸ ਦਾ ਲਾਭ ਮਿਲਦਾ ਹੈ। ਇਨ੍ਹਾਂ ਵਿਚ ਕੁਝ ਕਿਸਾਨ ਦਾਲਾਂ, ਤੇਲ ਬੀਜ, ਕਪਾਹ ਆਦਿ ਵੇਚਣ ਵਾਲੇ ਵੀ ਸ਼ਾਮਿਲ ਹਨ।

ਕਾਰਪੋਰੇਟ ਹਮਾਇਤੀ 2012-13 ਤੋਂ ਅਗਲੇ ਸੱਤ ਸਾਲ ਦੇ ਅੰਕੜੇ ਜਾਣ ਬੁੱਝ ਕੇ ਪੇਸ਼ ਨਹੀਂ ਕਰ ਰਹੇ, ਕਿਉਂਕਿ ਇਹ ਉਨ੍ਹਾਂ ਦੇ ਆਪੇ ਬਣਾਏ ਖਾਕੇ ਦੇ ਖ਼ਿਲਾਫ਼ ਭੁਗਤਦੇ ਹਨ। ਗੁਲਾਟੀ ਦਾ ਤਰਕ ਹੈ ਕਿ ਦੇਸ਼ ਦੇ 86 ਫੀਸਦ ਕਿਸਾਨ ਛੋਟੇ ਤੇ ਸੀਮਾਂਤ ਹਨ ਅਤੇ ਪ੍ਰਾਈਵੇਅ ਵਪਾਰੀ ਸਮਰਥਨ ਮੁੱਲ ਉੱਤੇ ਫਸਲਾਂ ਨਹੀ ਖਰੀਦਣਗੇ। ਇਹੀ ਦਲੀਲ ਤਾਂ ਕਿਸਾਨ ਦੇ ਰਹੇ ਹਨ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਤੋਂ ਹੱਥ ਖਿੱਚਣਾ ਚਾਹੁੰਦੀ ਹੈ। ਪਿਛਲੇ ਦਿਨੀਂ ਇਹ ਤੱਥ ਵੀ ਪੇਸ਼ ਕੀਤੇ ਗਏ ਹਨ ਕਿ ਸਰਕਾਰੀ ਦਸਤਾਵੇਜ਼ਾਂ ਅਨੁਸਾਰ ਜੋ ਘੱਟੋ-ਘੱਟ ਸਮਰਥਨ ਮੁੱਲ ਉੱਤੇ ਸਾਰੀਆਂ ਫਸਲਾਂ ਦੀ ਖਰੀਦ ਦੀ ਕਾਨੂੰਨੀ ਗਰੰਟੀ ਦੇ ਦਿੱਤੀ ਜਾਵੇ ਤਾਂ ਦੇਸ਼ ਦਾ ਅੱਧਾ ਬਜਟ, ਭਾਵ ਕਰੀਬ 17 ਲੱਖ ਕਰੋੜ ਰੁਪਏ ਚਾਹੀਦੇ ਹਨ। ਇਹ ਦਲੀਲ ਵੀ ਗੁਮਰਾਕੁਨ ਹੈ।

ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਦੀ ਗਰੰਟੀ ਕਰਨ ਦੀ ਮੰਗ ਕਰ ਰਹੀ ਹਨ। ਜ਼ਰੂਰੀ ਨਹੀਂ ਕਿ ਸਾਰਾ ਅਨਾਜ ਅਤੇ ਹਰ ਫਸਲ ਸਰਕਾਰ ਖਰੀਦੇਗੀ। ਕਿਸੇ ਵੀ ਕਾਰਪੋਰੇਟ ਜਾਂ ਹੋਰ ਪ੍ਰਾਈਵੇਟ ਵਪਾਰੀ ਉੱਤੇ ਸਮਰਥਨ ਮੁੱਲ ਤੋਂ ਘੱਟ ਖਰੀਦਣ ਤੇ ਪਾਬੰਦੀ ਹੋਵੇਗੀ ਜਾਂ ਫਿਰ ਜਿੰਨੇ ਘੱਟ ਉੱਤੇ ਸਬੰਧਿਤ ਫਰਮ ਖਰੀਦੇਗੀ ਉਸ ਦੀ ਭਰਪਾਈ ਦੀ ਜ਼ਿੰਮੇਵਾਰੀ ਸਰਕਾਰ ਨੇ ਲੈਣੀ ਹੈ। ਸਰਦਾਰ ਨੂੰ ਪੂਰੀ ਕੀਮਤ ਨਹੀਂ ਬਲਕਿ ਮੰਡੀ ਅਤੇ ਸਮਰਥਨ ਮੁੱਲ ਵਿਚਲੇ ਅੰਤਰ ਦੇ ਬਰਾਬਰ ਖਰਚ ਕਰਨਾ ਪਵੇਗਾ। ਕੇਰਲ ਦੀ ਸਰਕਾਰ ਨੇ ਹਾਲ ਹੀ ਵਿਚ 16 ਸਬਜ਼ੀਆਂ ਅਤੇ ਫਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਦਾ ਕਾਨੂੰਨ ਬਣਾਇਆ ਹੈ। ਇਹ ਸਾਰਾ ਸਮਾਨ ਸਰਕਾਰ ਨਹੀਂ ਖਰੀਦਦੀ ਪਰ 35 ਕਰੋੜ ਰੁਪਏ ਰੱਖੇ ਹਨ

ਤਾਂ ਕਿ ਕੀਮਤ ਡਿੱਗ ਤੇ ਉਹ ਪੈਸਾ ਕਿਸਾਨਾਂ ਦੀ ਆਮਦਨ ਵਜੋਂ ਦਿੱਤਾ ਜਾ ਸਕੇ। ਜਦੋਂ ਕਾਰਪੋਰੇਟ ਕੰਪਨੀ ਨਾਲ ਐੱਮਓਯੂ ਕੀਤਾ ਜਾਂਦਾ ਹੈ ਤਾਂ ਹਰ ਤਰ੍ਹਾਂ ਦੀ ਗਰੰਟੀ ਕਰਨ ਵਿਚ ਸਰਕਾਰ ਨੂੰ ਕੋਈ ਦਿੱਕਤ ਨਹੀਂ ਆਉਂਦੀ। ਮਿਸਾਲ ਵਜੋਂ ਪੰਜਾਬ ਦੇ ਤਿੰਨ ਥਰਮਲ ਬੰਦ ਵੀ ਰਹਿੰਦੇ ਹਨ ਤਾਂ ਵੀ ਕਰੋੜਾਂ ਰੁਪਏ ਅਦਾ ਕਰਨ ਦੇ ਕੀਤੇ ਸਮਝੌਤੇ ਪੰਜਾਬੀਆਂ ਦਾ ਗਲ ਘੁੱਟ ਕੇ ਵੀ ਲਾਗੂ ਕੀਤੇ ਜਾ ਰਹੇ ਹਨ।

2019-20 ਦੌਰਾਨ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਦਾ ਕਣਕ-ਝੋਨੇ ਦੀ ਖਰੀਦ ਅਤੇ ਹੋਰ ਖਰਚ ਬਾਰੇਸੋਧਿਆ ਬਜਟ 1.79 ਲੱਖ ਕਰੋੜ ਰੁਪਏ ਦਾ ਹੈ। ਇਸ ਵਿਚ 1.39 ਲੱਖ ਕਰੋੜ ਰੁਪਏ ਖੁਰਾਕ ਗਰੰਟੀ ਕਾਨੂੰਨ ਤਹਿਤ ਸਬਸਿਡੀ ਦਾ ਬਣਦਾ ਹੈ। ਕੀ ਸਰਕਾਰ ਜਨਤਕ ਵੰਡ ਪ੍ਰਣਾਲੀ ਤਹਿਤ ਦਿੱਤੇ ਜਾਣ ਵਾਲੇ ਸਸਤੇ ਅਨਾਜ ਤੋਂ ਵੀ ਪਿੱਛੇ ਹਟਣ ਦਾ ਇਰਾਦਾ ਰੱਖਦੀ ਹੈ? ਜੇ ਅਜਿਹਾ ਹੋਇਆ ਤਾਂ ਦੇਸ਼ ਦੀ 67 ਫੀਸਦ ਜਨਤਾ ਕੀ ਕਰੇਗੀ? ਲਗਭਗ 14 ਕਰੋੜ ਕਿਸਾਨ ਪਰਿਵਾਰ ਅਤੇ ਇਨ੍ਹਾਂ ਨਾਲ ਜੁੜੇ ਪਰਿਵਾਰਕ ਮੈਂਬਰ 60 ਕਰੋੜ ਤੋਂ ਵੱਧ ਦੀ ਗਿਣਤੀ ਹੈ। ਪਜੰਾਹ ਫੀਸਦ ਦੇ ਕਰੀਬ ਲੋਕਾਂ ਦੀ ਰੋਜ਼ੀ ਰੋਟੀ ਸਿੱਧੇ ਤੌਰ ਤੇ ਅੱਜ ਵੀ ਖੇਤੀ ਉੱਤੇ ਨਿਰਭਰ ਹੈ। ਜੇ ਕਾਰਪੋਰੇਟਾਂ ਦੇ ਲੱਖਾਂ ਕਰੋੜਾਂ ਰੁਪਏ ਵੱਟਾ-ਖਾਤਾ (ਨਾਨ-ਪਰਫਾਰਮਿੰਗ ਅਸੈੱਟਸ) ਕਹਿ ਕੇ ਮੁਆਫ਼ ਕੀਤੇ ਜਾ ਸਕਦੇ ਹਨ ਤਾਂ ਇੰਨੇ ਵੱਡੇ ਵਰਗ ਲਈ ਮੁਆਫ਼ੀ ਨਹੀਂ ਬਲਕਿ ਉਸ ਦੀ ਉਪਜ ਖਰੀਦ ਉੱਤੇ ਪੈਸਾ ਖਰਚ ਕਰਨ ਦੀ ਕਾਨੂੰਨੀ ਗਰੰਟੀ ਕਿਉਂ ਨਹੀਂ ਕੀਤੀ ਜਾ ਸਕਦੀ ?

ਖੇਤੀ ਵਿਚੋਂ ਬੰਦੇ ਬਾਹਰ ਕੱਢ ਕੇ ਉਦਸੋਗਾਂ ਜਾਂ ਹੋਰ ਖੇਤਰਾਂ ਵਿਚ ਲਿਜਾਣ ਦਾ ਮੁਹਾਵਰਾ ਪੁਰਾਣਾ ਹੋ ਚੁੱਕਆ ਹੈ। ਕਿਸਾਨੀ ਨਾਲ ਚਤੁਰਾਈ ਦੀ ਕੋਸ਼ਿਸ਼ ਮਹਿੰਗੀ ਪਵੇਗੀ। ਇਸੇ ਚਤੁਰਾਈ ਅਤੇ ਕਾਰਪੋਰੇਟ ਲਾਲਚ ਨੇ ਕੁਦਰਤੀ ਸਾਧਨਾਂ ਦਾ ਸ਼ੋਸ਼ਣ ਕੀਤਾ ਹੈ ਅਤੇ ਇਨਸਾਨੀ ਸ਼ੋਸ਼ਣ ਖਤਰਨਾਕ ਹੱਕ ਤੱਕ ਵਧਾ ਦਿੱਤਾ ਹੈ। ਅਜਿਹੇ ਮੌਕੇ ਕਿਸਾਨ ਅੰਦੋਲਨ ਲਾਲਚ, ਨਫ਼ਰਤ ਤੇ ਹੰਕਾਰ ਦੇ ਮੁਕਾਬਲੇ ਇਨਸਾਨੀਅਤ, ਬਰਾਬਰੀ ਤੇ ਆਪਸੀ ਭਾਈਚਾਰੇ ਦਾ ਸੱਦਾ ਦੇ ਰਿਹਾ ਹੈ। ਇਸ ਵਿਚੋਂ ਰਾਜਾਂ ਨੂੰ ਵੱਧ ਅਧਿਕਾਰ, ਗੁਆਂਢੀ ਦੇਸ਼ਾਂ ਨਾਲ ਦੋਸਤੀ ਅਤੇ ਲੋਕਾਂ ਦੀ ਫੈਸਲਾਕੁਨ ਹਿੱਸੇਦਾਰੀ ਵੱਲ ਗੱਲ ਅੱਗੇ ਤੁਰੇਗੀ। ਇਸ ਸਾਹਮਣੇ ਝੁਕਣ ਨਾਲ ਹੁਕਮਰਾਨ ਛੋਟੇ ਨਹੀਂ ਬਲਕਿ ਵੱਕਾਰ ਦਾ ਕੁਝ ਨਾ ਕੁਝ ਬਚਾਅ ਹੀ ਕਰ ਸਕਦੇ ਹਨ, ਕਿਉਂਕਿ ਇਹ ਧਰਤੀ ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ ਦੀ ਵਿਚਾਰਧਾਰਕ ਵਿਰਾਸਤ ਨਾਲ ਜੁੜੀ ਹੋਈ ਹੈ।

## ਅਖਬਾਰੀ ਲੇਖ ਦਾ ਨਮੂਨਾ

## ਸਾਹਿਤ ਲੇਖ

## ਸਾਉਣ ਦਿਆ ਬੱਦਲਾ ਵੇ...

**ਹਰਕੰਵਲ ਕੰਗ**

ਜਦੋਂ ਜੇਠ ਹਾੜ੍ਹ ਦੀ ਗਰਮੀ ਦੀ ਲੂੰ ਸਾਰੇ ਉੱਤਰੀ ਭਾਰਤ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ ਤਾਂ ਫਿਰ ਲੋਕਾਈ ਨੂੰ ਸਾਉਣ ਮਹੀਨੇ ਦੀ ਬੇਸਬਰੀ ਨਾਲ ਉਡੀਕ ਹੁੰਦੀ ਹੈ। ਹੋਵੇ ਵੀ ਕਿਉਂ ਨਾ ਇਹ ਰੁੱਤ ਮੀਂਹ ਦੀ ਜੋ ਹੋਈ। ਜਦੋਂ ਕੋਈ ਬੱਦਲੀ ਅਚਾਨਕ ਵਰਦੀ ਹੈ ਜਾਂ ਆਕਾਸ਼ ਵਿਚ ਕਿਸੇ ਪਾਸਿਓ ਬੱਦਲਾਂ ਦੀ

ਘਟਾ ਚੜ੍ਹ ਕੇ ਆਉਂਦੀ ਹੈ ਅਤੇ ਫਿਜ਼ਾ ਵਿਚ ਬੱਦਲਾ ਦੀ ਗੜਗੜਾਹਟ ਪੈਂਦਾ ਹੁੰਦੀ ਹੈ ਤਾਂ ਗਰਮੀ ਦੇ ਸਤਾਏ ਲੋਕਾਂ ਵਿਚ ਨਵਾਂ ਜੋਸ਼ ਤੇ ਨਵੀਂ ਉਮੰਗ ਪੈਦਾ ਹੋ ਜਾਂਦੀ ਹੈ। ਪੰਛੀ ਚਹਿਕ ਉੱਠਦੇ ਹਨ। ਜਦੋਂ ਸਾਉਣ ਦਾ ਮੀਂਹ ਵਰ੍ਹਦਾ ਹੈ ਤਾਂ ਫਿਰ ਚਾਰੇ ਪਾਸੇ ਬਨਸਪਤੀ ਮਹਿਕ ਉੱਠਦੀ ਹੈ। ਹਰਿਆਲੀ ਪੈਦਾ ਹੋ ਜਾਂਦੀ ਹੈ। ਸੂਰਜ ਦੀ ਲੋਅ ਨਾਲ ਤੜਫਦੀ ਧਰਤੀ ਦੀ ਹਿੱਕ ਮੀਂਹ ਪੈਣ ਨਾਲ ਠਰ ਜਾਂਦੀ ਹੈ। ਰੁੱਖਾਂ ’ਤੇ ਨਿਖਾਰ ਆ ਜਾਂਦਾ ਹੈ। ਕਿਸਾਨ ਜੋ ਸੁੱਕਦੀਆਂ ਮੁਰਝਾਉਂਦੀਆਂ ਫ਼ਸਲਾਂ ਦੇਖ ਕੇ ਖ਼ੁਦ ਵੀ ਮੁਰਝਾਇਆ ਹੁੰਦਾ ਹੈ, ਵੀ ਬੱਦਲਾਂ ਦੀ ਘਟਾ ਦੇਖਦਿਆਂ ਝੂਮ ਉੱਠਦਾ ਹੈ। ਸਾਵਣ ਮਨਾਂ ਵਿਚ ਚੰਚਲਤਾ ਪੈਦਾ ਕਰਦਾ ਹੈ। ਇਸ ਤਰ੍ਹਾਂ ਚਾਰੇ ਪਾਸੇ ਸਾਨੂੰ ਕੁਦਰਤ ਦੇ ਕਾਦਰ ਦੀਆਂ ਸਿਫ਼ਤਾ ਵਿਚ ਪਿਆਰੇ ਗੀਤ ਸੁਣਨ ਨੂੰ ਮਿਲਦੇ ਹਨ। ਮਹਿਕਾਂ ਛੱਡਦੀ ਪੌਣ ਜਦੋਂ ਗਰਮੀ ਨਾਲ ਭਿੱਜੇ ਪਿੰਡਾਂ ਨਾਲ ਖਹਿੰਦੀ ਹੈ ਤਾ ਇਕ ਸੁਖਦ ਅਨੁਭਵ ਹੁੰਦਾ ਹੈ। ਖੇਤੀ ਪ੍ਰਧਾਨ ਖਿੱਤਾ ਹੋਣ ਕਰਕੇ ਉੱਤਰੀ ਭਾਰਤ ਵਿਚ ਮੀਂਹ ਦੇ ਮਹੱਤਵ ਹੋਰਨਾਂ ਖਿੱਤਿਆਂ ਨਾਲੋਂ ਕੁਝ ਵਧੇਰੇ ਹੀ ਹੈ ਅਤੇ ਦੇਸੀ ਸਾਲ ਦੇ ਪੰਜਵੇਂ ਮਹੀਨੇ ਸਾਉਣ ਦੀ ਇਸ ਕਰਕੇ ਸਾਡੇ ਸਾਹਿਤ ਵਿਚ ਤੂਤੀ ਬੋਲਦੀ ਹੈ।

ਸਾਉਣ ਦਾ ਮਹੀਨਾ ਚੜ੍ਹਦਿਆ ਸਾਰ ਹੀ ਦੇਸ਼ ਵਿਚ ਤਿਓਹਾਰਾਂ ਤੇ ਮੇਲਿਆਂ ਦੀ ਸ਼ੁਰੂਆਤ ਹੋ ਜਾਂਦੀ ਹੈ। ਤਿਓਹਾਰ ਭਾਰਤੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ, ਇਹ ਸਾਡੀ ਏਕਤਾ, ਇਕਜੁੱਟਤਾ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ। ਤਿਓਹਾਰਾਂ ਨਾਲ ਦੇਸ਼ ਦੀ ਆਰਥਿਕਤਾ ਜੁੜੀ ਹੋਈ ਹੈ ਤੇ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਤਿਓਹਾਰ ਸਾਨੂੰ ਗ਼ਮਾਂ ਨੂੰ ਭੁਲਾ ਕੇ ਖੁਸ਼ੀਆਂ ਮਨਾਉਣ ਲਈ ਪ੍ਰੇਰਦੇ ਹਨ। ਸਾਡੀ ਜੀਵਨ ਸ਼ੈਲੀ ਵਿਚ ਨੱਚਣ ਗਾਉਣ ਦੀ ਬੇਹੱਦ ਅਹਿਮੀਅਤ ਹੈ। ਜਦੋਂ ਵੀ ਕੋਈ ਇਕੱਠ ਜੁੜਦਾ ਹੈ, ਉਹ ਭਾਵੇਂ ਮੇਲੇ ਦੇ ਰੂਪ ’ਚ ਹੋਵੇ ਜਾਂ ਕਿਸੇ ਵਿਸ਼ੇਸ਼ ਦਿਨ ਮਨਾਉਣ ਲਈ ਹੋਵੇ ਜਾਂ ਫਿਰ ਵਿਆਹ ਮੁਕਲਾਵੇ ਲਈ ਹੋਵੇ ਉਹ ਨੱਚਣ ਟੱਪਣ ਗਾਉਣ ਤੋਂ ਬਿਨਾ ਸੰਪੂਰਨ ਨਹੀਂ ਹੁੰਦਾ ਕਿਉਂਕਿ ਮਨੁੱਖ ਸਮੂਹਿਕ ਰੂਪ ਵਿਚ ਰਹਿ ਕੇ ਹੀ ਖੁਸ਼ ਰਹਿੰਦਾ ਹੈ। ਭਾਰਤੀ ਮਹਾਂਦੀਪ ਵਿਚ ਹਰ ਖਿੱਤੇ ਦੇ ਲੋਕਾਂ ਵੱਲੋਂ ਅਨੇਕ ਤਿਓਹਾਰ ਮਨਾਏ ਜਾਂਦੇ ਹਨ।

ਸਾਉਣ ਚੜ੍ਹਦੀ ਸਾਰ ਹੀ ਮਨ ਵਿਚ ਗੀਤ ਤੇ ਬੋਲੀਆਂ ਨਿਸਰਨ ਲੱਗਦੀਆਂ ਹਨ ਜਿਵੇਂ

ਛਮ ਛਮ ਪੈਣ ਫੁਹਾਰਾਂ
ਬਿਜਲੀ ਦੇ ਰੰਗ ਨਿਆਰੇ
ਆਓ ਕੁੜੀਓ ਗਿੱਧਾ ਪਾਈਏ
ਸਾਨੂੰ ਸਾਉਣ ਸੈਨਤਾ ਮਾਰੇ

ਜਾਂ ਫਿਰ :

ਸ਼ੌਕ ਨਾਲ ਗਿੱਧੇ ਵਿਚ ਆਵਾ।
ਬੋਲੀ ਪਾਵਾ ਸ਼ਗਨ ਮਨਾਵਾਂ
ਸਾਉਣ ਦਿਆ ਬੱਦਲਾ ਵੇ
ਮੈਂ ਤੇਰਾ ਜਸ ਗਾਵਾਂ।

ਇਸ ਤਰ੍ਹਾਂ ਹੀ ਇਕ ਬਹੁਤ ਪਿਆਰਾ ਲੋਕ ਗੀਤ ਹੈ :

ਸਾਵਣ ਆਇਆ
ਮਹਿੰਦੀ ਤਾਂ ਪਾ ਦੇ ਮਾਏ ਸੁੱਕਣੀ
ਮਾਏ ਮੇਰੀਏ
ਮਹਿੰਦੀ ਦਾ ਰੰਗ ਨੀਂ ਉਦਾਸ
ਸਾਵਣ ਆਇਆ
ਨੂੰਹਾਂ ਨੂੰ ਭੇਜੀ ਪੇਕੜੇ, ਮਾਏ ਮੇਰੀਏ ਨੀਂ
ਧੀਆਂ ਨੂੰ ਲਈ ਮੰਗਾ
ਸਾਵਣ ਆਇਆ।

ਸਾਉਣ ਮਹੀਨੇ ਜਦੋਂ ਮੀਂਹ ਵਰਦਾ ਹੈ ਤਾਂ ਬੱਚੇ ਝੂਮ ਝੂਮ ਕੇ ਗਾਉਂਦੇ ਹਨ, ‘ਕਾਲੀਆਂ ਇੱਟਾਂ ਕਾਲੇ ਰੋੜ ਮੀਂਹ ਵਰਸਾ ਦੇ ਜ਼ੋਰੋ-ਜ਼ੋਰ। ਦੂਜੇ ਪਾਸੇ ਮੋਰਾਂ ਦੀ ਘੈਂਅ ਘੈਂਅ, ਬੀਡਿਆਂ ਦੀ ਭੀ ਭੀ, ਚਿੜੀਆਂ ਜਨੌਰਾਂ ਦੀ ਚੀ ਚੀ ਕੰਨਾਂ ਵਿਚ ਰਸ ਘੋਲਦੀਆਂ ਆਵਾਜ਼ਾਂ ਸਾਨੂੰ ਰੁੱਤ ਬਦਲੀ ਦਾ ਸੰਕੇਤ ਦਿੰਦੀਆਂ ਹਨ। ਜਦੋਂ ਫਿਰ ਲੰਬਾ ਸਮਾਂ ਮੀਂਹ ਵਰ੍ਹਦਾ ਹੈ ਤਾਂ ਪੰਜਾਬੀ ’ਚ ਇਸ ਨੂੰ ਝੜੀ ਲੱਗਣਾ ਕਹਿੰਦੇ ਹਨ ਅਤੇ ਜਦੋਂ ਕਦੇ ਝੜੀ ਲੱਗੇ ਤਾਂ ਫਿਰ ਘਰਾਂ ਵਿਚ ਵਿਸ਼ੇਸ਼ ਪਕਵਾਨ ਪੱਕਦੇ ਹਨ, ਚਾਹੇ ਉਹ ਮਾਲ੍ਹ ਪੂੜੇ ਹੋਣ ਜਾਂ ਫਿਰ ਕਚੌਰੀਆਂ-ਗੁਲਗੁਲੇ। ਕਦੇ ਕਦੇ ਪਕੌੜ ਵੀ ਬਣਦੇ ਹਨ, ਖੀਰ ਕੜਾਹ ਇਸ ਰੁੱਤ ਦਾ ਵਿਸ਼ੇਸ਼ ਪਕਵਾਨ ਹੈ। ਪਿੰਡਾਂ ਵਿਚ ਜਾਮਣਾਂ, ਅੰਬ, ਖਜੂਰਾਂ, ਅਮਰੂਦ ਸਾਉਣ ਦੇ ਫ਼ਲ ਹਨ।

ਸਾਉਣ ਮਹੀਨੇ ਦਾ ਬਾਰਾਮਾਂਹ ਵਿਚ ਵੀ ਵਿਸ਼ੇਸ਼ ਜ਼ਿਕਰ ਆਉਂਦਾ ਹੈ। ਪੰਜਾਬੀ ਵਿਚ ਬਾਰਾਂ ਦੇਸੀ ਮਹੀਨਿਆਂ ਵਿਚੋਂ ਵੀ ਸਭ ਤੋਂ ਵੱਧ ਪ੍ਰਸਿੱਧੀ ਸਾਉਣ ਮਹੀਨੇ ਹੀ ਆਈ ਹੈ। ਜਦੋਂ ਕਦੇ ਪਲਾਂ ਵਿਚ ਹੀ ਕੋਈ ਚਿੱਟੀ ਬੱਦਲੀ ਜਿਸ ਨੂੰ ਧੁੰਪ ਦੇ ਬੱਦਲ ਵੀ ਕਹਿ ਲਿਆ ਜਾਦਾ ਹੈ ਜਦੋਂ ਉਹ ਭੂਰੀ ਹੋ ਕੇ ਅਚਾਨਕ ਵਰ੍ਹਦੀ ਹੈ ਤਾਂ ਫਿਰ ਮਨ ਕਹਿ ਉੱਠਦਾ ਹੈ :

ਤਿੱਤਰ ਖੰਭੀ ਬੱਦਲੀ ਵਰ੍ਹ ਗਈ
ਪੈ ਗਿਆ ਮੀਂਹ ਦੜਾਕੇ ਦਾ

ਜਦੋਂ ਪਿੰਡਾਂ ਤੇ ਨਗਰਾਂ ਵਿਚ ਚਾਰੇ ਪਾਸੇ ਪਾਣੀ ਖੜ੍ਹ ਜਾਂਦਾ ਹੈ ਤਾਂ ਬੱਚੇ ਪਾਣੀ ਵਿਚ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਪਾਣੀ ਵਿਚ ਛੱਡਦੇ ਹਨ। ਇਸ ਤਰ੍ਹਾਂ ਖੁਸ਼ੀ ਦੇ ਨਾਲ ਨਾਲ ਕਲਾਤਮਕ ਰੁਚੀਆਂ ਵੀ ਪੈਦਾ ਹੁੰਦੀਆਂ ਹਨ। ਦੂਜੇ ਪਾਸੇ ਪੁਰਾਤਨ ਸੰਸਕਾਰਾਂ ਤਹਿਤ ਲੋਕ ਖਵਾਜ਼ੇ ਦੀ ਪੂਜਾ ਕਰਦੇ ਹਨ ਅਤੇ ਹੜ੍ਹਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਔਹੜ ਖੌਹੜ ਕਰਦੇ ਹਨ।

ਹਰ ਰੁੱਤ ਤੇ ਮਹੀਨੇ ਦੀ ਆਪਣੀ ਵੱਖਰੀ ਪਛਾਣ ਹੈ। ਸਾਉਣ ਦਾ ਮਹੀਨਾ ਤੀਆਂ ਦੇ ਤਿਓਹਾਰ ਲਈ ਜਾਣਿਆ ਜਾਂਦਾ ਹੈ। ਤੀਆਂ ਦਾ ਤਿਓਹਾਰ ਇਸ ਮਹੀਨੇ ਦੀ ਰੂਹ ਹੈ। ਮੌਜੂਦਾ ਸਮੇਂ ਵਿਚ ਭਾਵੇਂ ਤੀਆਂ ਦੇ ਤਿਓਹਾਰ ਦਾ ਸਰੂਪ ਬਦਲ ਗਿਆ ਹੈ, ਪਰ ਪੰਜਾਬਣਾ ਦੇ ਮਨਾਂ ਵਿਚ ਤੀਆਂ ਲਈ ਜੋਸ਼ ਬਰਕਰਾਰ

ਹੈ। ਇਹ ਤਿਓਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਨੂੰ ਸ਼ੁਰੂ ਹੁੰਦਾ ਹੈ ਅਤੇ ਪੁੰਨਿਆਂ ਨੂੰ ਸਿਰੇ ਚੜ੍ਹਦਾ ਹੈ। ਤੀਆਂ ਤੋਂ ਪਹਿਲਾਂ ਦੂਜ ਦੀ ਰਾਤ 'ਮਹਿੰਦੀ ਵਾਲੀ ਰਾਤ' ਹੁੰਦੀ ਹੈ। ਮੁਟਿਆਰਾਂ ਆਪਣੇ ਹੱਥਾਂ 'ਤੇ ਮਹਿੰਦੀ ਲਗਾਉਂਦੀਆਂ ਹਨ। ਵਣਜਾਰਿਆਂ ਤੋਂ ਰੰਗ-ਬਿਰੰਗੀਆਂ ਚੂੜੀਆਂ ਚੜ੍ਹਾਉਂਦੀਆਂ ਹਨ। ਕੁੜੀਆਂ ਵਹੁਟੀਆਂ ਤੀਲੇ ਨਾਲ ਹੀ ਆਪਣੇ ਹੱਥਾਂ 'ਤੇ ਮਹਿੰਦੀ ਦੇ ਖ਼ੂਬਸੂਰਤ ਫੁੱਲ ਬੂਟੇ ਬਣਾ ਲੈਂਦੀਆਂ ਸਨ। ਦੂਜੀ ਸਵੇਰ, ਆਪਣੀਆਂ ਤਲੀਆਂ ਤੇ ਖਿੜੇ ਮਹਿੰਦੀ ਦੇ ਰੱਤੇ ਫੁੱਲਾਂ ਨੂੰ ਤੱਕ ਤੱਕ ਫੁੱਲੀਆਂ ਨਹੀਂ ਸਮਾਉਂਦੀਆਂ।

ਕਈ ਵਾਰ ਮਾਪੇ ਇਸ ਮਹੀਨੇ ਧੀਆਂ ਨੂੰ ਨਹੀਂ ਲਿਆ ਸਕਦੇ ਜਾ ਇਹ ਮੁਸ਼ਕਿਲ ਹੁੰਦਾ ਤਾਂ ਫਿਰ ਉਹ ਧੀ ਡਾਰ ਤੋਂ ਵਿੱਛੜੀ ਕੂੰਜ ਦੀ ਤਰ੍ਹਾਂ ਕੁਰਲਾ ਉੱਠਦੀ। ਉਹ ਬਾਗਾਂ ਵਿਚ ਗਾਉਂਦੀ ਕੋਇਲ ਦੀ ਤਰ੍ਹਾਂ ਆਪਣੇ ਗੀਤਾਂ ਰਾਹੀਂ ਬਾਬਲ ਦੇ ਵਿਹੜੇ ਵੱਲ ਕਾਵਾਂ ਹੱਥ ਸੁਨੇਹੇ ਘੱਲਦੀ। ਜਿਨ੍ਹਾਂ ਭੈਣਾਂ ਘਰ ਵੀਰ ਨਹੀਂ ਹੁੰਦੇ, ਉਨ੍ਹਾਂ ਦੇ ਕਾਲਜੇ ਨੂੰ ਵੀ ਇਸ ਮਹੀਨੇ ਖੋਹ ਪੈਂਦੀ। ਉਹ ਰੱਬ ਤੋਂ ਮੰਗ ਕਰਦੀਆਂ ਨੇ :

ਇਕ ਵੀਰ ਦੇਈ ਵੇ ਰੱਬਾ

ਸਹੁੰ ਖਾਣ ਨੂੰ ਬੜਾ ਚਿੱਤ ਕਰਦਾ

ਪੰਜਾਬ ਦੇ ਪਿੰਡਾਂ ਵਿਚ ਦੁਪਹਿਰ ਸਮੇਂ ਬੋਹੜ ਤੇ ਪਿੱਪਲਾਂ ਦੀਆਂ ਛਾਵਾਂ ਵਿਚ ਤੀਆਂ ਦੇ ਪਿੜ ਬੱਝਦੇ ਸਨ। ਇੱਥੇ ਉਹ ਆਪਣੇ ਮਨੋਂਭਾਵਾਂ ਦਾ ਪ੍ਰਗਟਾਵਾ ਬੋਲੀਆਂ ਪਾ ਕੇ ਕਰਦੀਆਂ

* ਆਉਂਦੀ ਕੁੜੀਏ, ਜਾਂਦੀ ਕੁੜੀਏ,
ਤੁਰਦੀ ਪਿੱਛੇ ਨੂੰ ਜਾਵੇ,
ਨੀਂ ਕਾਹਲੀ ਕਾਹਲੀ ਪੈਰ ਪੱਟ ਲੈ,
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।

* ਸਾਉਣ ਮਹੀਨਾ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ-ਕੁੱਦਣ ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ

* ਆਹ ਲੈ ਮਿੱਤਰਾ ਕਰ ਲੈ ਖਰੀਆਂ
ਬਾਂਕਾ ਮੇਚ ਨਾ ਆਈਆਂ
ਗਿੱਧਾ ਪਾ ਰਹੀਆਂ
ਨਣਦਾਂ ਤੇ ਭਰਜਾਈਆਂ

* ਭਿੱਜ ਗਈ ਰੂਹ ਮਿੱਤਰਾ
ਸ਼ਾਮ ਘਟਾਂ ਚੜ੍ਹ ਆਈਆਂ

ਪਿੱਪਲ ਕੁੜੀਆਂ ਦੇ ਅਰਮਾਨਾਂ ਦੇ ਗਵਾਹ ਬਣਦੇ ਸਨ। ਪਿੱਪਲਾਂ, ਟਾਹਲੀਆਂ ਤੇ ਬਰੋਟਿਆਂ ਦੇ ਟਾਹਣਾਂ ਦੇ ਨਾਲ ਪਾਈਆਂ ਪੀਘਾਂ 'ਤੇ ਹੁਲਾਰੇ ਲੈਂਦੀਆਂ ਉਹ ਆਪਣੇ ਸੁਪਨਿਆਂ ਦੇ ਨਾਲ ਅੰਬਰੀ ਉਡਾਣਾਂ ਭਰਦੀਆਂ। ਇਨ੍ਹਾਂ ਪੀਘਾਂ ਲਈ ਵਿਸ਼ੇਸ਼ ਲੱਠ (ਰੱਸੇ) ਨੂੰ ਗੱਠ ਦੇਣੀ ਅਤੇ ਫੱਟੀ ਪਾਉਣ ਵਿਚ ਵੀ ਮੁਹਾਰਤ ਦੀ ਲੋੜ ਪੈਂਦੀ ਹੈ। ਹੁਣ ਭਾਵੇਂ ਸ਼ਹਿਰੀਕਰਨ ਦੇ ਪ੍ਰਭਾਵ ਵਿਚ ਕੁੜੀਆਂ ਨੂੰ ਅੰਬਰੀ ਪੀਂਘ ਤਾਂ ਝੜਾਉਣੀ ਸ਼ਾਇਦ ਭੁੱਲ ਗਈ ਹੈ, ਪਰ ਪੀਂਘ ਦੇ ਝੂਟੇ ਲੈਣ ਦੀ ਤਾਂਘ ਕਾਇਮ ਹੈ। ਸ਼ਹਿਰਾਂ ਦੀ ਤੀਆਂ ਦਾ ਤਿਓਹਾਰ ਵੀ ਹੁਣ ਮੇਲੇ ਦਾ ਰੂਪ ਹੀ ਲੈ ਗਿਆ ਹੈ। ਪੰਜਾਬ ਵਿਚ ਮਾਪੇ ਨਵੀਆਂ ਵਿਆਹੀਆਂ ਧੀਆਂ ਨੂੰ ਸਾਉਣ ਚੜ੍ਹਨ ਤੋਂ ਪਹਿਲਾਂ ਹੀ ਪੇਕੇ ਲੈ ਆਉਂਦੇ ਹਨ। ਤੀਆਂ ਵਿਚ ਜਾਣ ਤੋਂ ਪਹਿਲਾਂ ਉਹ ਹੱਥੀਂ ਮਹਿੰਦੀ ਲਾ ਕੇ ਵਾਲ ਗੁੰਦ ਕੇ ਚੂੜੀਆਂ ਚੜ੍ਹਾ ਕੇ ਬਣ ਠਣ ਕੇ ਜਾਂਦੀਆਂ ਹਨ। ਤੀਆਂ ਵਿਚ ਮੁਟਿਆਰਾਂ ਵੱਖ ਵੱਖ ਤਰ੍ਹਾਂ ਦੇ ਸਵਾਂਗ ਵੀ ਰਚਾਉਂਦੀਆਂ ਹਨ ਜਿਵੇਂ :

ਮੋੜੀਂ ਮੋੜੀ ਵੇ ਗੁਲਜ਼ਾਰੀ ਭੇਡਾਂ ਦੂਰ ਗਈਆਂ।

ਕੁੜੀਆਂ ਦੀ ਅੱਡੀ ਨਾਲ ਗਿੱਧੇ ਦੀ ਥਾਪ ਨਾਲ ਜਦੋਂ ਪਿੜ ਬੱਝ ਜਾਂਦਾ ਹੈ ਤਾਂ ਫਿਰ ਇਹ ਨਣਦਾਂ-ਭਰਜਾਈਆਂ, ਭੂਆਂ-ਭਤੀਜੀਆਂ, ਚਾਚੀਆਂ-ਤਾਈਆਂ ਵੱਲੋਂ ਪਾਏ ਗਿੱਧੇ ਨਾਲ ਸਿਖਰਾਂ ਨੂੰ ਛੂੰਹਦਾ ਦਿਨ ਦਾ ਤੀਜਾ ਪਹਿਰ ਖ਼ਤਮ ਹੋਣ ਨਾਲ ਹੀ ਅਗਲੇ ਦਿਨ ਆਉਣ ਦਾ ਸੱਦਾ ਦਿੰਦਾ ਖ਼ਤਮ ਹੋ ਜਾਂਦਾ ਹੈ। ਤੀਆਂ ਇਕ ਤਰ੍ਹਾਂ ਨਾਲ ਔਰਤਾਂ ਦੇ ਖੁੱਲ੍ਹ ਕੇ ਆਪਣੇ ਮਨੋਂਭਾਵਾ ਦਾ ਪ੍ਰਗਟਾਵਾ ਕਰਨ ਦਾ ਮੰਚ ਰਿਹਾ ਹੈ ਕਿਉਂਕਿ ਪੁਰਾਤਨ ਜ਼ਮਾਨੇ ਵਿਚ ਅੱਜ ਜਿੰਨੀ ਖੁੱਲ੍ਹ ਤੇ ਆਜ਼ਾਦੀ ਨਹੀਂ ਸੀ। ਇਸ ਕਰਕੇ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਕਰਨ ਲਈ ਤੀਆਂ ਹੀ ਇਕ ਮੌਕਾ ਦਿੰਦੀਆਂ ਸਨ। ਦੂਜਾ ਪਹਿਲੂ ਇਹ ਹੁੰਦਾ ਕਿ ਇੱਥੇ ਸਿਰਫ ਔਰਤਾਂ ਹੀ ਹੁੰਦੀਆਂ ਤੇ ਉਨ੍ਹਾਂ ਨੂੰ ਮਰਦਾ ਦੀ ਗੈਰਹਾਜ਼ਰੀ ਦਾ ਵੀ ਲਾਹਾ ਮਿਲਦਾ। ਤੀਆਂ ਦਾ ਗਿੱਧਾ ਦੇਖਣਾ ਮਰਦਾਂ ਲਈ ਮਨਾਹੀ ਹੁੰਦੀ ਸੀ।

ਕੁੜੀਆਂ ਨੂੰ ਸਾਉਣ ਮਹੀਨਾ ਆਪਣਾ ਭਰਾ ਜਾਪਦਾ ਹੈ ਤੇ ਭਾਦੋਂ ਨੂੰ ਚੰਦਰੀ ਮੰਨਦੀਆਂ ਹਨ ਕਿਉਂਕ ਉਨ੍ਹਾਂ ਨੂੰ ਭਾਦੋਂ ਚੜ੍ਹਦਿਆਂ ਸਾਰ ਫਿਰ ਵਿੱਛੜਨਾ ਪੈਂਦਾ ਹੈ। ਪੁੰਨਿਆਂ ਵਾਲੇ ਦਿਨ ਵੱਅਲੋ (ਬੱਲੋ) ਪਾਈ ਜਾਂਦੀ ਹੈ। ਕੁੜੀਆਂ ਘਰ ਨੂੰ ਵਾਪਸ ਜਾਂਦੀਆਂ ਵਾਰ ਵਾਰ ਰੁਕ ਰੁਕ ਕੇ ਗਿੱਧਾ ਪਾਉਂਦੀਆਂ ਤੇ ਨਾਲੇ ਗੀਤ ਗਾਉਂਦੀਆਂ ਘਰਾਂ ਨੂੰ ਜਾਂਦੀਆਂ ਜਾਂਦੀਆਂ ਦੁੱਭ (ਹਰਾ ਘਾਹ) ਪੁੱਟ ਕੇ ਲੈ ਜਾਂਦੀਆਂ ਹਨ ਤਾਂ ਜੋ ਵੀਰ ਦਾ ਘਰ ਸਾਉਣ ਦੇ ਮਹੀਨੇ ਦੇ ਘਾਹ ਵਾਂਗੂ ਹਰਿਆ ਭਰਿਆ ਰਹੇ। ਗਿੱਧੇ ਦਾ ਅੰਤ ਕਰਦੀਆਂ ਹੋਈਆਂ ਉਹ ਗਾਉਂਦੀਆਂ :

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਇਸ ਤਰ੍ਹਾਂ ਪੇਕੇ ਆਈਆਂ ਧੀਆਂ ਮਾਪਿਆਂ ਦੀ ਸੁੱਖ ਮੰਗਦੀਆਂ ਫਿਰ ਆਪਣੇ ਘਰਾਂ ਨੂੰ ਰਵਾਨਾ ਹੋ ਜਾਂਦੀਆਂ। ਤੀਆਂ ਦਾ ਚਾਅ ਨਵੇਂ ਯੁੱਗ ਦੇ ਮਨੋਰੰਜਨ ਦੇ ਸਾਧਨਾਂ ਨੇ ਬਹੁਤ ਘਟਾ ਦਿੱਤਾ ਹੈ। ਪਦਾਰਥਵਾਦੀ ਯੁੱਗ ਵਿਚ ਜਾਇਦਾਦਾਂ ਦੀ ਵੰਡ ਨੇ ਭੈਣ ਭਰਾ ਦੇ ਪਿਆਰ ਵਿਚ ਵੀ ਫ਼ਰਕ ਪਾ ਦਿੱਤਾ ਹੈ। ਹੁਣ ਨਾ ਵੀਰ ਕੋਲ ਬੋਤਾ ਹੈ ਤੇ ਨਾ ਹੀ ਭੈਣ ਨੂੰ ਉਡੀਕ ਹੈ। ਹੁਣ ਤੀਆਂ ਕਲੱਬਾਂ, ਸਟੇਜਾਂ ਤੇ ਪਾਰਕਾਂ ਦਾ ਸ਼ਿੰਗਾਰ ਬਣ ਗਈਆਂ ਹਨ। ਸਾਰੇ ਹੀ ਸਾਧਨ ਸੰਪੰਨ ਸਮਾਜ ਵਿਚ ਭਾਵੇਂ ਖੁਦਗਰਜ਼ੀ ਭਾਰੂ ਹੈ, ਪਰ ਸਾਡੇ ਤਿਓਹਾਰ ਸਾਡੇ ਮਨਾਂ ਅਤੇ ਰਿਸ਼ਤਿਆ ਨੂੰ ਠੰਢਕ ਵਰਤਾਉਂਦੇ ਹਨ।

## ਸੰਪਾਦਕੀ ਲੇਖ

### ਜਮਹੂਰੀਅਤ ਨੂੰ ਖ਼ਤਰਾ

ਅਕਸਰ ਲੋਕ ਰਾਜੀ ਪ੍ਰਕਿਰਿਆ ਦੀ ਆਲੋਚਨਾ ਇਸ ਪੱਖ ਤੋਂ ਕੀਤੀ ਜਾਂਦੀ ਹੈ ਕਿ ਬਹੁਤ ਸਾਰੀਆਂ ਜਮਹੂਰੀਅਤਾਂ ਸਿਰਫ਼ ਵੋਟਾਂ ਪਾ ਕੇ ਸਰਕਾਰਾਂ ਚੁਣਨ ਤਕ ਸੀਮਤ ਹੋ ਗਈਆਂ ਹਨ ਅਤੇ ਅਜਿਹੀਆਂ ਸਰਕਾਰਾਂ ਮਜਹੂਰੀ ਤੌਰ ਤਰੀਕੇ ਤਜ ਕੇ ਆਪਹੁਦਰੇਪਨ ਨਾਲ ਹਕੂਮਤ ਚਲਾਉਂਦੀਆਂ ਹਨ। ਉਹ ਆਪਣੇ ਪ੍ਰਮੁੱਖ ਆਗੂਆਂ ਜਾਂ ਉਨ੍ਹਾਂ ਕਾਰਪੋਰੇਟ ਅਦਾਰਿਆਂ, ਜਿਨ੍ਹਾਂ ਨੇ ਜੇਤੂ ਪਾਰਟੀ ਦੀ ਹਮਾਇਤ ਕੀਤੀ ਹੁੰਦੀ ਹੈ, ਦੇ ਇਸ਼ਾਰਿਆਂ ’ਤੇ ਚੱਲਦੀਆਂ ਹਨ। ਇਨ੍ਹਾਂ ਦਲੀਲਾਂ ਵਿਚ ਕਾਫ਼ੀ ਕੁਝ ਸੱਚ ਹੈ ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਮਹੂਰੀਅਤ ਵਿਚ ਵੋਟਾਂ ਪਾ ਕੇ ਸਰਕਾਰ ਚੁਣਨਾ ਸਭ ਤੋਂ ਬੁਨਿਆਦੀ, ਮੁੱਢਲੀ ਤੇ ਜ਼ਰੂਰੀ ਨਿਜ਼ਾਮਾਂ ਵਿਚ ਚੋਣਾਂ ਦੋਰਾਨ ਲੋਕਾਂ ਦੇ ਦਿੱਤੇ ਗਏ ਫ਼ਤਵੇ ਦਾ ਸਤਿਕਾਰ ਕੀਤਾ ਜਾਂਦਾ ਹੈ। ਇਸ ਤੋਂ ਉਲਟ ਵਾਸ਼ਿੰਗਟਨ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਹਮਾਇਤੀਆਂ ਵੱਲੋਂ ਕੀਤੀ ਗਈ ਹਿੰਸਾ ਇਸ ਗੱਲ ਦਾ ਸਬੂਤ ਹੈ ਕਿ ਤਾਨਾਸ਼ਾਹੀ ਰੁਚੀਆਂ ਵਾਲੇ ਹਾਕਮ ਸੱਤਾ ਵਿਚ ਆਉਣ ਤੋਂ ਬਾਅਦ ਸੱਤਾ ਨੂੰ ਚਿੰਬੜੇ ਰਹਿਣ ਲਈ ਕਿੰਨੇ ਗ਼ੈਰ-ਜਮਹੂਰੀ ਅਤੇ ਗ਼ੈਰ-ਜ਼ਿੰਮੇਵਾਰਾਨਾ ਕਾਰਨਾਮੇ ਅੰਜਾਮ ਦੇ ਸਕਦੇ ਹਨ। ਅਸੀਂ ਆਪਣੇ ਦੇਸ਼ ਵਿਚ ਅਜਿਹੀ ਸਥਿਤੀ 1975 ਵਿਚ ਦੇਖੀ ਸੀ ਜਦੋਂ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਵਿਰੁੱਧ ਵਧ ਰਹੇ ਲੋਕ ਵਿਦਰੋਹ ਅਤੇ ਅਦਾਲਤਾਂ ਦੇ ਫ਼ੈਸਲਿਆਂ ਤੋਂ ਬਚਣ ਲਈ ਐਮਰਜੈਂਸੀ ਲਗਾ ਦਿੱਤੀ ਸੀ।

ਪਿਛਲੇ ਸਾਲ ਅਮਰੀਕਾ ਵਿਚ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਟਰੰਪ ਹਾਰ ਗਿਆ ਅਤੇ ਜੋਅ ਬਾਇਡਨ ਜੇਤੂ ਰਿਹਾ। ਰਵਾਇਤ ਅਨੁਸਾਰ ਹਾਰਿਆ ਹੋਇਆ ਉਮੀਦਵਾਰ ਆਪਣੀ ਹਾਰ ਮੰਨ ਲੈਂਦਾ ਹੈ ਅਤੇ ਜੇਤੂ ਉਮੀਦਵਾਰ ਰਾਸ਼ਟਰਪਤੀ ਬਣ ਜਾਂਦਾ ਹੈ ਪਰ ਟਰੰਪ ਨੇ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਵਿਚ ਹਰ ਸੂਬੇ ਦੀਆਂ ਵੋਟਾਂ ਅਲੱਗ ਅਲੱਗ ਗਿਣੀਆਂ ਜਾਂਦੀਆਂ ਹਨ ਅਤੇ ਸੂਬਾ ਸਰਕਾਰਾਂ ਨਤੀਜਿਆਂ ਦਾ ਐਲਾਨ ਕਰਦੀਆਂ ਹਨ। ਜੇਕਰ ਅਮਰੀਕੀ ਸੰਸਦ/ਕਾਂਗਰਸ ਦੇ ਕਿਸੇ ਸਦਨ (ਹਾਊਸ ਆਫ਼ ਰਿਪਰੈਜ਼ੈਂਟੇਟਿਵਜ਼ ਅਤੇ ਸੈਨੇਟ) ਦੇ ਮੈਂਬਰ ਕਿਸੇ ਸੂਬੇ ਦੇ ਨਤੀਜਿਆਂ ਨੂੰ ਚੁਣੌਤੀ ਦੇਣ ਤਾਂ ਇਹ ਫ਼ੈਸਲਾ ਦੋਹਾਂ ਸਦਨਾਂ ਵਿਚ ਹੁੰਦਾ ਹੈ ਕਿ ਸੂਬਾ ਦੇ ਨਤੀਜਿਆਂ ਨੂੰ ਚੁਣੌਤੀ ਦੇਣ ਤਾਂ ਇਹ ਫ਼ੈਸਲਾ ਦੋਹਾਂ ਸਦਨਾਂ ਵਿਚ ਹੁੰਦਾ ਹੈ ਕਿ ਸੂਬਾ ਸਰਦਾਰ ਦੁਆਰਾ ਐਲਾਨੇ ਗਏ ਨਤੀਜੇ ਸਹੀ ਸਨ ਜਾਂ ਨਹੀਂ। ਟਰੰਪ ਦੀ ਰਿਪਬਲਿਕਨ ਪਾਰਟੀ ਨੇ ਐਰੀਜ਼ੋਨਾ ਅਤੇ ਪੈਨਸਿਲਵੇਨਿਆ ਸੂਬਿਆਂ ਦੇ ਚੋਣ ਨਤੀਜਿਆਂ (ਜਿਨ੍ਹਾ ਵਿਚ ਟਰੰਪ ਹਾਰ ਗਿਆ ਸੀ) ’ਤੇ ਇਤਰਾਜ਼ ਜਤਾਇਆ ਸੀ ਅਤੇ 6 ਜਨਵਰੀ ਨੂੰ ਦੋਵੇਂ ਸਦਨ ਇਸ ਮੁੱਦੇ ’ਤੇ ਵਿਚਾਰ ਕਰ ਰਹੇ ਸਨ। ਇੰਨੇ ਵਿਚ ਟਰੰਪ ਦੇ ਹਥਿਆਰਬੰਦ ਹਮਾਇਤੀਆਂ ਨੇ ਕੈਪੀਟਲ ਹਿੱਲ (Capital Hill) ਇਲਾਕੇ ਜਿੱਥੇ (ਦੋਵੇਂ ਸਦਨ ਸਥਿਤ ਹਨ) ਨੂੰ ਘੇਰ ਕੇ ਹਿੰਸਾ ਕੀਤੀ। ਇਸ ਹਿੰਸਾ ਵਿਚ 4 ਵਿਅਕਤੀ ਮਾਰੇ ਗਏ।

ਟਰੰਪ ਕਹੀ ਦਿਨਾਂ ਤੋਂ ਟਵਿੱਟਰ, ਫੇਸਬੁੱਕ, ਇੰਸਟਾਗ੍ਰਾਮ ਆਦਿ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਆਪਦੇ ਹਮਾਇਤੀਆਂ ਨੂੰ ਇਕੱਠੇ ਹੋਣ ਅਤੇ ਚੋਣਾਂ ਦੇ ਨਤੀਜਿਆਂ ਨੂੰ ਚੁਣੌਤੀ ਦੇਣ ਲਈ ਲਲਕਾਰ ਰਿਹਾ ਸੀ। ਉਸ ਦੇ ਹਮਾਇਤੀ ਬਹੁਤਾ ਕਰ ਕੇ ਉਹ ਨਸਲਵਾਦੀ ਗੋਰੇ ਹਨ ਜਿਹੜੇ ਸਿਆਹਫ਼ਾਮ ਅਤੇ ਹੋਰ

ਦੇਸ਼ਾਂ ਦੇ ਲੋਕਾਂ ਨੂੰ ਨਫ਼ਰਤ ਕਰਦੇ ਅਤੇ ਗੋਰੀ ਨਸਲ ਦੀ ਸਰਬਉੱਚਤਾ ਵਿਚ ਯਕੀਨ ਰੱਖਦੇ ਹਨ। ਇਸ ਤਰ੍ਹਾਂ ਆਪਣੇ ਆਪ ਨੂੰ ਦੁਨੀਆ ਦੀ ਸਭ ਤੋਂ ਬਿਹਤਰੀਨ ਜਮਹੂਰੀਅਤ ਦੱਸਣ ਵਾਲੇ ਦੇਸ਼ ਦੇ ਰਾਸ਼ਟਰਪਤੀ ਨੇ ਖ਼ੁਦ ਜਮਹੂਰੀਅਤ ਨੂੰ ਪੈਰਾਂ ਹੇਠ ਮਧੋਲਣ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਹਮਾਇਤੀਆਂ ਨੂੰ ਗ਼ੈਰ ਜਮਹੂਰੀ ਸਰਗਰਮੀਆਂ ਕਰਨ ਲਈ ਉਕਸਾਇਆ ਹੈ।

ਬਾਅਦ ਵਿਚ ਅਮਰੀਕਾ ਦੇ ਦੋਹਾਂ ਸਦਨਾਂ ਨੇ ਟਰੰਪ ਦੇ ਹਮਾਇਤੀਆਂ ਦੇ ਐਰੀਜ਼ੋਨਾ ਅਤੇ ਪੈਨਸਿਲਵੰਨੀਆ ਦੇ ਸੂਬਿਆਂ ਵਿਚ ਵੋਟਾਂ ਦੀ ਗਿਣਤੀ ਸਹੀ ਤਰੀਕੇ ਨਾਲ ਨਾ ਹੋਣ ਦੇ ਦਾਅਵੇ ਨੂੰ ਨਕਾਰ ਦਿੱਤਾ ਅਤੇ ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਅਧਿਕਾਰਤ ਰੂਪ ਵਿਚ ਜੋਅ ਬਾਇਡਨ ਨੂੰ ਜੇਤੂ ਕਰਾਰ ਦਿੱਤਾ। ਟਰੰਪ ਦੀ ਰਿਪਬਲਿਕਨ ਪਾਰਟੀ ਦੇ ਸਦਨ ਵਿਚ ਬਹੁਤ ਸਾਰੇ ਨੁਮਾਇੰਦਿਆਂ ਨੇ ਟਰੰਪ ਦੇ ਹਮਾਇਤੀਆਂ ਦੇ ਦਾਅਵਿਆਂ ਵਿਰੁੱਧ ਵੋਟ ਪਾਈ ਅਤੇ ਹਿੰਸਾ ਨੂੰ ਭੰਡਿਆ।

ਟਵਿੱਟਰ ਅਤੇ ਫੇਸਬੁੱਕ ਨੇ ਰਾਸ਼ਟਰਪਤੀ ਟਰੰਪ ਦੇ ਖ਼ਾਤੇ ਬਲਾਕ ਕਰ ਦਿੱਤੇ। ਟਵਿੱਟਰ ਕੰਪਨੀ ਨੇ ਕਿਹਾ ਕਿ ਰਾਸ਼ਟਰਪਤੀ ਨੇ ਕੰਪਨੀ ਦੇ ਨਿਯਮਾਂ ਦੀ ਉਲੰਘਣਾ ਕਰਦਿਆਂ ਲੋਕਾਂ ਨੂੰ ਹਿੰਸਾ ਕਰਨ ਲਈ ਉਕਸਾਇਆ ਹੈ। ਇਹ ਮਾਮਲਾ ਕੁਝ ਸਮਾਂ ਪਹਿਲਾਂ ਭਾਰਤ ਵਿਚ ਵੀ ਉੱਭਰਿਆ ਸੀ ਜਦ ਫੇਸਬੁੱਕ ਨੇ ਕੇਂਦਰ ਵਿਚ ਸੱਤਾਧਾਰੀ ਪਾਰਟੀ ਨਾਲ ਜੁੜੇ ਇਕ ਆਗੂ, ਜਿਸ ਬਾਰੇ ਕੰਪਨੀ ਦੀ ਅੰਦਰੂਨੀ ਤੌਰ ’ਤੇ ਨਜ਼ਰਸ਼ਾਨੀ ਕਰਨ ਵਾਲੀ ਕਮੇਟੀ ਨੇ ਰਿਪੋਰਟ ਦਿੱਤੀ ਸੀ ਕਿ ਉਸ ਨੇ ਆਪਣੀਆਂ ਪੋਸਟਾਂ ਰਾਹੀਂ ਹਿੰਸਾ ਭੜਕਾਈ ਹੈ, ਦੇ ਖ਼ਾਤੇ ਬਲਾਕ ਨਹੀਂ ਸਨ ਕੀਤੇ। ਸਪੱਸ਼ਟ ਹੈ ਕਿ ਟਵਿੱਟਰ ਅਤੇ ਫੇਸਬੁੱਕ ਨੇ ਟਰੰਪ ਦੇ ਖ਼ਾਤੇ ਲੋਕਾਂ ਦੇ ਦਬਾਓ ਕਾਰਨ ਬਲਾਕ ਕੀਤੇ ਹਨ। ਇਹ ਅਮਰੀਕਨ ਜਮਹੂਰੀਅਤ ਦਾ ਵਿਰੋਧਾਭਾਸ ਵੀ ਹੈ ਅਤੇ ਤਾਕਤ ਵੀ ਕਿ ਰਾਸ਼ਟਰਪਤੀ ਦੇ ਸੋਸ਼ਲ ਮੀਡੀਆ ਖ਼ਾਤੇ ਬਲਾਕ ਕੀਤੇ ਗਏ ਹਨ।

ਸਾਡੇ ਦੇਸ਼ ਵਿਚ ਇਨ੍ਹਾਂ ਘਟਨਾਵਾਂ ਬਾਰੇ ਦਿਲਚਸਪੀ ਦਾ ਇਕ ਹੋਰ ਪਹਿਲੂ ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਿੱਤਰਤਾ ਅਤੇ ਉਨ੍ਹਾਂ ਦੀਆਂ ਸ਼ਖ਼ਸੀਅਤਾ ਨੂੰ ਇਕ ਰੂਪ ਜਾਂ ਇਕ ਦੂਸਰੇ ਦਾ ਅਕਸ ਮੰਨਦੇ ਹਨ। ਨਰਿੰਦਰ ਮੋਦੀ ਨੇ ਟਰੰਪ ਦੀ ਵੱਡੇ ਪੱਧਰ ’ਤੇ ਹਮਾਇਤ ਕਰਦਿਆਂ 20 ਸਤੰਬਰ 2019 ਨੂੰ ਅਮਰੀਕਾ ਦੇ ਹਾਊਸਟਨ ਸ਼ਹਿਰ ਵਿਚ ਹਾਓਡੀ ਮੋਡੀ (Howdy Modi!) ਨਾਂ ਦੀ ਰੈਲੀ ਕਰਕੇ ‘ਅਬ ਕੀ ਬਾਰ, ਟਰੰਪ ਸਰਕਾਰ’ ਦਾ ਨਾਅਰਾ ਦਿੱਤਾ। ਭਾਰਤ ਦੇ ਕਿਸੇ ਪ੍ਰਧਾਨ ਮੰਤਰੀ ਜਾਂ ਸਿਆਸੀ ਆਗੂ ਨੇ ਪਹਿਲਾਂ ਕਦੇ ਇਸ ਤਰ੍ਹਾਂ ਦੀ ਸਰਗਰਮੀ ਨਹੀਂ ਸੀ ਕੀਤੀ। ਸਿਆਸੀ ਅਤੇ ਮਨੋਵਿਗਿਆਨਕ ਮਾਹਿਰ ਇਨ੍ਹਾਂ ਦੋਹਾਂ ਆਗੂਆਂ ਦੀਆਂ ਸ਼ਖ਼ਸੀਅਤਾਂ ਸਮਝਦੇ ਹੋਏ ਇਸ ਭੁਲੇਖੇ ਨੂੰ ਅੰਤਿਮ ਸੱਚ ਮੰਨਦੇ ਹਨ।

**ਲੇਖਕ : ਸਵਰਾਜਬੀਰ**

## 1.1.6 ਮਿਡਲ

**ਅਖ਼ਬਰੀ ਜਗਤ ਵਿਚ ਮਿਡਲ ਸੰਕਲਪ ਅਸਲ ਵਿਚ ਅਜਿਹਾ ਫ਼ੀਚਰ ਹੁੰਦਾ ਹੈ ਜੋ ਸੰਪਾਦਕੀ ਪੰਨੇ ਉੱਪਰ ਮੁੱਖ ਲੇਖ ਤੋਂ ਹੇਠਾਂ ਅਤੇ ਸੰਪਾਦਕ ਡਾਕ ਵਾਲੇ ਸਥਾਨ ਤੋਂ ਉੱਪਰ ਛਾਪਿਆ ਜਾਂਦਾ ਹੈ। ਇਸ ਫ਼ੀਚਰ ਨੂੰ ਮਿਡਲ ਵੀ ਇਸ ਕਾਰਨ ਹੀ ਕਿਹਾ ਜਾਂਦਾ ਹੈ ਕਿਉਂਕਿ ਇਹ ਆਪਣੇ ਛਪਣ ਸਥਾਨ ਕਰਕੇ ਵਿਚਕਾਰ ਆਉਂਦਾ ਹੈ। ਮਿਡਲ ਅਜਿਹਾ ਫ਼ੀਚਰ ਹੈ ਜੋ ਲੇਖਕ ਦੇ ਨਿੱਜੀ ਅਨੁਭਵ ਜਾਂ ਤਜ਼ਰਬੇ ਤੇ ਅਧਾਰਿਤ ਹੁੰਦਾ ਹੈ ਇਹ ਵਿਧਾ ਨਾਟਕੀ ਸ਼ੈਲੀ ਵਿਚ ਲਿਖੀ ਜਾਂਦੀ ਹੈ ਇਹ ਸੰਪਾਦਕੀ ਜਾਂ ਮੁੱਖ ਲੇਖਾਂ ਦੇ ਮੁਕਾਬਲੇ ਹਲਕੀ**

ਫੁਲਕੀ ਸ਼ੈਲੀ ਵਿਚ ਲਿਖਿਆ ਜਾਂਦਾ ਹੈ ਇਸ ਫ਼ੀਚਰ ਦਾ ਮੁੱਖ ਮਕਸਦ ਸੰਪਾਦਕੀ ਪੰਨੇ ਦੀ ਗੰਭੀਰਤਾ ਦੇ ਨਾਲ-ਨਾਲ ਪਾਠਕਾਂ ਦਾ ਮਨੋਰੰਜਨ ਕਰਨ ਨਾਲ ਹੈ ਕਿਉਂਕਿ ਇਸ ਫ਼ੀਚਰ ਵਿਚ ਲੇਖਕ ਹਲਕੀ ਫੁਲਕੀ ਸ਼ੈਲੀ ਵਿਚ ਆਪਣੇ ਅਨੁਭਵ ਨੂੰ ਪੇਸ਼ ਕਰਦਾ ਹੈ ਜੋ ਪਾਠਕਾਂ ਨੂੰ ਖੁਸ਼ੀ ਵੀ ਦੇ ਸਕਦਾ ਹੈ, ਉਦਾਸ ਵੀ ਕਰ ਸਕਦਾ ਹੈ ਜਾਂ ਹੈਰਾਨ ਵੀ ਕਰ ਸਕਦਾ ਹੈ ਕਈ ਵਾਰ ਕਿਸੇ ਲੇਖਕ ਦੁਆਰਾ ਇਸ ਵਿਚ ਅਜਿਹਾ ਅਨੁਭਵ ਜਾਂ ਤਜ਼ਰਬਾ ਪੇਸ਼ ਕੀਤਾ ਹੁੰਦਾ ਹੈ ਜੋ ਪਾਠਕਾਂ ਲਈ ਪ੍ਰੇਰਨਾ ਸਰੋਤ ਦਾ ਕੰਮ ਕਰਦਾ ਹੈ ਜਿਸ ਤੋਂ ਪਾਠਕ ਸੇਧ ਲੈ ਕਿ ਕੋਈ ਕਾਰਜ ਕਰ ਸਕਦੇ ਹਨ ਇਸ ਫ਼ੀਚਰ ਦੀ ਲਿਖਣ ਸ਼ੈਲੀ ਵਿਲੱਖਣ ਹੁੰਦੀ ਹੈ ਜਿਸ ਵਿਚ ਉਹ ਹਲਕੇ ਫੁਲਕੇ ਅੰਦਾਜ਼ ਵਿਚ ਆਪਣੇ ਅਨੁਭਵ ਸਾਂਝੇ ਕਰਦਾ ਹੈ ਇਸਦੀ ਕੋਈ ਵਿਸ਼ਾ ਸੀਮਾ ਨਹੀਂ ਹੁੰਦੀ ਇਹ ਵਿਅੰਗ ਜਾਂ ਹਾਸਰਸ ਪੈਦਾ ਕਰਨ ਦੇ ਉਦੇਸ਼ ਤੋਂ ਕਲਪਨਾ ਅਧਾਰਿਤ ਵੀ ਹੋ ਸਕਦਾ ਹੈ ਹਰੇਕ ਫ਼ੀਚਰ ਲੇਖਕ ਦੀ ਆਪਣੀ ਵਿਲੱਖਣ ਸ਼ੈਲੀ ਹੁੰਦੀ ਹੈ ਉਹ ਆਪਣੀ ਮਰਜ਼ੀ ਮੁਤਾਬਿਕ ਫੀਚਰ ਲਿਖ ਸਕਦਾ ਹੈ। ਅਸਲ ਵਿਚ ਫ਼ੀਚਰ ਅਜਿਹੀ ਵਿਧਾ ਹੈ ਜਿਸ ਨੂੰ ਰੋਚਿਕ ਅਤੇ ਦਿਲਚਸਪ ਬਣਾਉਣ ਲਈ ਲੇਖਕ ਬਹੁਤ ਸਾਰੀਆਂ ਬੰਦਿਸ਼ਾਂ ਤੋਂ ਮੁਕਤ ਹੁੰਦਾ ਹੈ ਉਹ ਇਸਦਾ ਆਰੰਭ ਸ਼ੇਅਰ, ਚੁਟਕਲੇ ਆਦਿ ਨਾਲ ਕਰ ਸਕਦਾ ਹੈ ਫ਼ੀਚਰ ਵਿਚ ਵਿਚਾਰਾਂ ਦੀ ਪ੍ਰਧਾਨਤਾ ਦੇ ਨਾਲ-ਨਾਲ ਭਾਵੁਕਤਾ, ਕਲਪਨਾ ਦੇ ਅੰਸ਼ ਵੀ ਸ਼ਾਮਿਲ ਹੁੰਦੇ ਹਨ। ਲੇਖਕ ਆਪਣੇ ਫ਼ੀਚਰ ਨੂੰ ਸਾਹਿਤਕ ਰੰਗਤ ਦੇਣ ਲਈ ਅਲੰਕਾਰਿਕ ਭਾਸ਼ਾ ਵਰਤਦਾ ਹੋਇਆ ਆਪਣੇ ਵਿਚਾਰ ਜਾਂ ਸੁਝਾਅ ਪਾਠਕਾਂ ਨਾਲ ਸਾਂਝੇ ਕਰਦਾ ਹੈ। ਇਸ ਪ੍ਰਕਾਰ ਮਿਡਲ ਸੰਕਲਪ ਅਖ਼ਬਾਰੀ ਜਗਤ ਵਿਚ ਇੱਕ ਤਰ੍ਹਾਂ ਦਾ ਫ਼ੀਚਰ ਹੈ ਜੋ ਆਪਣੇ ਛਪਣ ਸਥਾਨ ਕਾਰਨ ਮਿਡਲ ਵਿਧਾ ਵਜੋਂ ਜਾਣਿਆ ਜਾਂਦਾ ਹੈ ਇਸਦਾ ਮੁੱਖ ਮਕਸਦ ਪਾਠਕਾਂ ਨੂੰ ਮੰਨੋਰਜਨ ਦੀ ਖੁਰਾਕ ਦੇਣਾ ਹੁੰਦਾ ਹੈ।

## ਮਿਡਲ ਦਾ ਨਮੂਨਾ

### ਦਿੱਲੀ ਵੱਲ ਜਾਂਦਿਆਂ....

**ਮਲਵਿੰਦਰ**

ਰਾਜਪੁਰਾ ਲੰਘਦਿਆਂ ਹੀ ਟਰੈਫਿਕ ਦੀ ਰੰਗਤ ਬਦਲ ਜਾਂਦੀ ਹੈ। ਝੂਲਦੇ ਝੰਡਿਆਂ ਵਾਲੀਆਂ ਕਾਰਾਂ, ਟਰੈਕਟਰ ਟਰਾਲੀਆਂ, ਟਰੱਕ ਤੇ ਹੋਰ ਸਾਧਨ ਹੱਥ ਹਿਲਾ ਹਿਲਾ ਕੇ ਸਾਂਝੇ ਕਾਰਜ ਲਈ ਹਾਮੀ ਭਰਦੇ, ਉਤਸ਼ਾਹ ਵਧਾਉਂਦੇ ਲਹਿਰ ਦੇ ਲੋਕ ਲਹਿਰ ਬਣਨ ਦਾ ਹੋਕਾ ਦਿੰਦੇ ਇੱਕ ਦੂਜੇ ਦੀ ਸੋਚ, ਵਿਹਾਰ ਅਤੇ ਸੁਭਾਅ ਨੂੰ ਫਤਿਹ ਬਲਾਉਂਦੇ ਲੱਗਦੇ ਹਨ। ਜੈਕਾਰੇ ਗੂੰਜਦੇ ਹਨ। ਕਿਤਾਬਾਂ ਵਿਚ ਪੜ੍ਹੀਆਂ, ਕਥਾ ਕਹਾਣੀਆਂ ਵਿਚ ਸੁਣੀਆਂ ਕ੍ਰਾਂਤੀਆਂ ਦੇ ਨਕਸ਼ ਸਾਕਾਰ ਹੁੰਦੇ ਲੱਗਦੇ ਹਨ।

ਹਰਿਆਣੇ ਦੇ ਪਿੰਡਾਂ ਕੋਲ ਦੀ ਲੰਘਦਿਆਂ ਜਦ ਕਿੱਧਰੇ ਰੁਕਦੇ ਹਾਂ ਤਾਂ ਖੇਤਾਂ ਵਿਚੋਂ ਕਿਸਾਨ, ਮਜ਼ਦੂਰ ਦੂਰੋਂ ਹੱਥ ਹਿਲਾਉਂਦੇ ਆਉਂਦੇ ਹਨ। ਕੋਲ ਆ ਕੇ ਹੱਥ ਜੋੜ ਕੇ ਖਲੋ ਜਾਂਦੇ ਹਨ ਆਪ ਹਮਾਰੇ ਬੜੇ ਭਾਈ। ਹਮ ਆਪ ਕੇ ਸਾਥ ਹੈ। ਪਾਣੀਆਂ ਦੇ ਬਹਾਨੇ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਨਾਂ ਤੇ ਸਿਆਸਤਦਾਨਾਂ ਦੀਆਂ ਪਾਈਆਂ ਦੁਸ਼ਮਣੀਆਂ ਕਿਸਾਨ ਸੰਘਰਸ਼ ਵਿਚ ਵਿਸਰ ਜਾਂਦੀਆਂ ਹਨ। ਸਾਂਝੇ ਪੰਜਾਬ ਦੀ ਅਪਣੱਤ ਜਾਗਦੀ ਹੈ। ਜੱਫੀਆਂ ਪੈਂਦੀਆਂ ਹਨ। ਲਹਿਰ ਨੂੰ ਹੁਲਾਰਾ ਮਿਲਦਾ ਹੈ। ਸਭਿਆਚਾਰਕ ਸਾਂਝਾਂ ਪੀਡੀਆਂ ਹੁੰਦੀਆਂ ਹਨ। ਦਿੱਲੀ ਹੁਣ ਦੂਰ ਨਹੀਂ ਲੱਗਦੀ। ਲੜਕਾਂ ਕਿਨਾਰੇ ਲੱਗੇ ਲੰਗਰ ਜਿੱਥੇ ਤੁਹਾਡਾ ਸੁਆਗਤ ਕਰਦੇ ਹਨ, ਉਥੇ ਭਾਈਚਾਰਕ ਸਾਂਝ ਵੀ ਪੈਦਾ ਕਰਦੇ ਹਨ। ਲੰਗਰ ਦੇ

ਪ੍ਰਬੰਧਕਾਂ ਨੂੰ ਅਗਾਂਹ ਹੋ ਹੋ ਹੱਥ ਦੇ ਕੇ ਲੋਕਾ ਨੂੰ ਰੋਕਣਾ ਨਹੀਂ ਪੈਂਦਾ। ਇਥੇ ਰੁਕਣਾ ਜਿਵੇਂ ਸੰਘਰਸ਼ ਦਾ ਕੋਈ ਪੜਾਅ ਹੈ। ਊਰਜਾ ਦਾ ਸ੍ਰੋਤ ਹੈ। ਪੰਗਤ ਦੇ ਬਹਾਨੇ ਨਿਮਰਤਾ, ਹਲੀਮੀ, ਸਿਦਕ, ਸਬਰ ਅਤੇ ਅਨੁਸ਼ਾਸਨ ਗ੍ਰਹਿਣ ਕਰਨ ਦਾ ਰੂਹਾਨੀ ਸਬੱਬ ਹੈ। ਸਾਂਝੀ ਫ਼ਿਕਰ ਵਿਚ ਸ਼ਾਮਲ ਹੋਣ ਦਾ ਅਹਿਦ ਹੈ।

ਸਿੰਘੂ ਬਾਰਡਰ ਤੋਂ ਬਹੁਤ ਪਹਿਲਾਂ ਕਿਸਾਨੀ ਸੰਘਰਸ਼ ਨੂੰ ਸਮਰਪਤ ਲੋਕਾਂ ਦੇ ਰੈਣ ਬਸੇਰੇ ਸ਼ੁਰੂ ਹੋ ਜਾਂਦੇ ਹਨ। ਆਪਣੀਆਂ ਟਰਾਲੀਆਂ, ਟਰੱਕਾਂ ਉਪਰ ਤਰਪਾਲਾਂ ਪਾ ਕੇ ਬਣਾਏ ਇਹ ਬਸੇਰੇ ਹਕੂਮ ਨੂੰ ਇਹ ਸੰਦੇਸ਼ ਹਨ ਕਿ ਇਹ ਮੋਰਚੇ ਵਕਤੀ ਇਰਾਦੇ ਨਹੀਂ ਹਨ। ਇਹ ਠਹਿਰਾਅ, ਇਹ ਪੜਾਅ ਲੰਮੀ ਲੜਾਈ ਦੀ ਮਜ਼ਬੂਤ ਨੀਂਹ ਹਨ। ਇਥੇ ਆ ਕੇ ਟਰੈਫਿਕ ਦੀ ਚਾਲ ਮੱਧਮ ਹੋ ਜਾਂਦੀ ਹੈ। ਪੈਦਲ ਚੱਲਦੇ ਲੋਕਾ ਦਾ ਵਹਾਅ ਜੋਸ਼ ਨਾਲ ਭਰਿਆ ਅੱਗੇ ਵਧ ਰਿਹਾ ਹੈ। ਨੌਜਵਾਨ ਲੜਕੇ, ਲੜਕੀਆਂ ਦੀਆਂ ਛੋਟੀਆਂ ਛੋਟੀਆਂ ਟੋਲੀਆਂ ਹੱਥਾਂ ਵਿਚ ਬੈਨਰ ਫੜੀ ਨਾਅਰੇ ਲਾਉਂਦੇ ਸਟੈਜ ਵੱਲ ਵਧ ਰਹੇ ਹਨ। ਕੁਝ ਨੌਜਵਾਨ ਟਰੈਫਿਕ ਕੰਟਰੋਲ ਕਰ ਰਹੇ ਹਨ। ਮੀਂਹ ਨਾਲ ਹੋਏ ਚਿੱਕੜ ਨੂੰ ਵਾਈਪਰ ਨਾਲ ਹੂੰਝਦੇ ਕਿਸਾਨ ਦਿੱਲੀ ਨੂੰ ਜਿਹੜਾ ਸੁਨੇਹਾ ਦੇ ਰਹੇ ਹਨ, ਉਹ ਅਜੇ ਹਾਕਮ ਸਮਝ ਨਹੀਂ ਰਹੇ ਲੱਗਦੇ। ਸੜਕ ਦੇ ਦੋਵੇਂ ਪਾਸੇ ਲੱਗੇ ਵੰਨ-ਸੁਵੰਨੇ ਲੰਗਰ ਛਕਣ ਲਈ ਲੱਗੀਆਂ ਕਤਾਰਾਂ ਵਿਚ ਬਹੁਤੇ ਸਥਾਨਕ ਲੋਕ ਹਨ। ਇਨ੍ਹਾਂ ਵਿਚ ਵੀ ਨੌਜਵਾਨ ਮੁੰਡੇ ਕੁੜੀਆਂ ਹਨ। ਲੱਗਦਾ, ਆਪਣੇ ਕੰਮਾਂ ਕਾਰਾਂ ਤੋਂ ਪਰਤੇ ਹਨ। ਸਵੇਰ ਵੇਲੇ ਫਿਰ ਇਹੀ ਸੰਗਤ ਮੋਡਿਆਂ ਤੇ ਬੈਗ ਪਾਈ ਲੰਗਰ ਦੀਆਂ ਕਤਾਰਾਂ ਦੀ ਸੋਭਾ ਬਣੇ ਦਿਸਦੇ ਹਨ। ਸਮੁੱਚਾ ਮਾਹੌਲ ਕਿਸੇ ਵੱਡੀ ਤੇ ਲੰਮੀ ਲੜਾਈ ਦਾ ਸੁਨੇਹਾ ਦਿੰਦਾ ਲੱਗਦਾ ਹੈ। ਕਿਸੇ ਨੂੰ ਕੋਈ ਕਾਹਲੀ ਨਹੀਂ। ਕਿਤੇ ਕੋਈ ਭੜਕਾਹਟ ਨਹੀਂ। ਮੋਢੇ ਨਾਲ ਮੋਢਾ ਜੁੜਿਆ ਹੈ ਪਰ ਵੱਜ ਨਹੀਂ ਰਿਹਾ। ਸਾਹਿਤ ਨਾਲ ਜੁੜੇ ਲੋਕ ਲਾਇਬਰੇਰੀਆਂ ਖੋਲ੍ਹ ਕੇ ਬੈਠੇ ਹਨ। ਲੋਕ ਆਪਣੀਆਂ ਜਾਂ ਆਪਣੇ ਕੋਲੋਂ ਕਿਤਾਬਾਂ ਭੇਟ ਕਰ ਰਹੇ ਹਨ। ਜਗਿਆਸੂ ਲੋਕ ਪੜ੍ਹ ਰਹੇ ਹਨ।

ਇਥੇ ਜਾ ਕੇ ਪ੍ਰਾਪਤੀ ਵਰਗੀਆਂ ਕੁਝ ਗੱਲਾਂ ਦੀ ਸਮਝ ਪੈਂਦੀ ਹੈ। ਇਨ੍ਹਾਂ ਗੱਲਾਂ ਬਾਰੇ ਵਿਆਪਕ ਸਹਿਮਤੀ ਹੈ। ਪਹਿਲੀ ਗੱਲ ਇਹ ਕਿ ਇਸ ਸੰਘਰਸ਼ ਨੇ ਪੰਜਾਬੀਆਂ ਦੇ ਮੱਥੇ ਤੋਂ ਨਸ਼ੇੜੀ ਹੋਣ ਦਾ ਦਾਗ਼ ਧੋ ਦਿੱਤਾ ਹੈ। ਜਵਾਨ ਮੁੰਡਿਆਂ ਕੁੜੀਆਂ ਦੀ ਸ਼ਮੂਲੀਅਤ ਅਤੇ ਫ਼ਰਜ਼ਾਂ ਨਿਭਾਉਣ ਦੀ ਲਗਨ ਇਸ ਦਾ ਸਬੂਤ ਹਨ। ਦੂਜੀ ਗੱਲ ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਦੇ ਮੱਥੇ ਤੋਂ ਅਤਿਵਾਦੀ ਹੋਣ ਦਾ ਕਲੰਕ ਧੋਣਦਾ ਹੈ। ਸਿਆਸੀ ਹੱਥਕੰਡਿਆਂ ਦੇ ਬਾਵਜੂਦ ਸਰਕਾਰ ਦਾ ਇਹ ਕੋਝਾ ਇਰਾਦਾ ਕਾਮਯਾਬ ਨਹੀਂ ਹੋ ਸਕਿਆ। ਤੀਜੀ ਮਹੱਤਵਪੂਰਨ ਗੱਲ ਜਾਂ ਪ੍ਰਾਪਤੀ ਕਹਿ ਲਵੋ ਕਿ ਲੋਕਾਂ ਦੇ ਵਿਹਾਰ ਵਿਚ ਆਈ ਤਬਦੀਲੀ ਹੈ। ਲੋਕ ਸਹਿਜ ਹੋ ਗਏ ਹਨ, ਸਹਿਯੋਗੀ ਹੋ ਗਏ ਹਨ। ਹੋਰਨਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਦਾ ਸੁਚੱਜਾ ਕਾਰਜ ਉਹ ਕਰਨ ਲੱਗ ਪਏ ਹਨ। ਜਾਤਾਂ, ਧਰਮਾਂ, ਇਲਾਕਿਆਂ ਤੋਂ ਉਪਰ ਉੱਠ ਕੇ ਮਿਲ ਬੈਠੇ ਹਨ। ਚੌਥੀ ਗੱਲ ਜਾਂ ਰੁਝਾਨ ਇਹ ਕਿ ਦੂਜੇ ਪ੍ਰਾਂਤਾਂ ਦੇ ਲੋਕ ਵੀ ਬੋਲਣ ਲੱਗੇ ਹਨ। ਪੰਜਾਬ ਤੋਂ ਸ਼ੁਰੂ ਹੋਇਆ ਇਹ ਸੰਘਰਸ਼ ਪੂਰੇ ਦੇਸ਼ ਅੰਦਰ ਫੈਲ ਰਿਹਾ ਹੈ।

ਜਿਹੜੇ ਲੋਕ ਅਜੇ ਘਰਾਂ ਵਿਚੋਂ ਨਹੀਂ ਨਿਕਲੇ, ਉਹ ਵੀ ਉਥੇ ਜ਼ਰੂਰ ਜਾਣ। ਪਹਿਲੀ ਫੇਰੀ ਤੋਂ ਪਰਤਦੇ ਲੋਕ ਦੁਬਾਰਾ ਜਾਣ ਦਾ ਪ੍ਰੋਗਰਾਮ ਬਣਾਉਂਦੇ ਆਉਂਦੇ ਹਨ। ਲੋਕ ਲਹਿਰ ਬਣ ਰਹੇ ਇਸ ਕਿਸਾਨੀ ਸੰਘਰਸ਼ ਦੀ ਹਮਾਇਤ ਵਿਚ ਕਿਸਾਨੀ ਨਾਲ ਜੁੜੇ ਲੋਕ ਹੀ ਨਹੀਂ ਜਾ ਰਹੇ। ਹਰ ਵਰਗ ਦਾ ਸੱਤਾ ਖ਼ਿਲਾਫ਼ ਗੁੱਸਾ ਆਪਣੇ ਆਪਣੇ ਕਾਰਨ ਕਰ ਕੇ ਹੈ। ਇਨ੍ਹਾਂ ਕਾਰਨਾਂ ਦਾ ਸਾਂਝੇ ਪਲੇਟਫਾਰਮ ਤੇ ਜੁੜ

ਬੈਠਣਾ ਮਹੱਤਵਪੂਰਨ ਹੈ। ਇਹ ਮਹੱਤਵ ਹੀ ਇਸ ਸੰਘਰਸ਼ ਨੂੰ ਆਸਵੰਦ ਬਣਾਉਂਦਾ ਹੈ। ਆਉ! ਇਸ ਆਸ ਦੇ ਹਮਸਫ਼ਰ ਹੋਈਏ।

## 1.1.7 ਪ੍ਰੈਸ ਰਿਪੋਰਟ

ਪ੍ਰੈਸ ਰਿਪੋਰਟ ਅੱਜ ਕੱਲ੍ਹ ਦੀ ਪੱਤਰਕਾਰੀ ਵਿਚ ਖ਼ਬਰਾਂ ਦੇਣ ਅਤੇ ਖ਼ਬਰਾਂ ਪ੍ਰਾਪਤ ਕਰਨ ਦੀ ਸਸਤਾ ਅਤੇ ਲੋਕਪ੍ਰਿਯ ਸਾਧਨ ਹੈ। ਇਸ ਵਿਚ ਕਿਸੇ ਸੰਸਥਾ ਜਾਂ ਪਾਰਟੀ ਦੁਆਰਾ ਆਪਣੀਆਂ ਯੋਜਨਾਵਾਂ, ਫੈਸਲਿਆਂ ਬਾਰੇ ਲਿਖਤੀ ਜਾਂ ਟਾਇਪ ਰੂਪ ਵਿਚ ਜਾਣਕਾਰੀ ਦਿੱਤੀ ਗਈ ਹੁੰਦੀ ਹੈ ਜਿਸ ਤੋਂ ਅੱਗੇ ਰਿਪੋਰਟਰ ਪ੍ਰੈਸ ਰਿਪੋਰਟ ਤਿਆਰ ਕਰਕੇ ਖ਼ਬਰਾਂ ਲਈ ਸਮੱਗਰੀ ਕੱਢਦਾ ਹੈ ਇਸ ਵਿਚ ਸਰਕਾਰ ਦੁਆਰਾ ਲਏ ਗਏ ਫੈਸਲਿਆਂ ਬਾਰੇ ਵੀ ਜਾਣਕਾਰੀ ਹੋ ਸਕਦੀ ਹੈ ਇਸ ਵਿਚ ਸਰਕਾਰਾਂ ਜਾਂ ਕੰਪਨੀਆਂ ਆਪਣੇ ਫੈਸਲਿਆਂ ਜਾਂ ਯੋਜਨਾਵਾਂ ਦੀ ਮਸ਼ਹੂਰੀ ਕਰਦੀਆਂ ਹਨ ਅਤੇ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਪ੍ਰੰਤੂ ਕਿਸੇ ਵੀ ਅਖ਼ਬਾਰ ਦੇ ਰਿਪੋਰਟਰ ਨੇ ਪ੍ਰੈਸ ਰਿਪੋਰਟ ਤਿਆਰ ਕਰਨ ਸਮੇਂ ਇਹ ਦੇਖਣਾ ਹੁੰਦਾ ਹੈ ਕਿ ਇਸ ਵਿਚ ਖ਼ਬਰ ਬਣਨ ਲਈ ਸਮੱਗਰੀ ਕਿੰਨੀ ਕੁ ਮਹੱਤਵਪੂਰਨ ਹੈ ਅਸਲ ਵਿਚ ਪ੍ਰੈਸ ਰਿਪੋਰਟ ਰਿਪੋਰਟਰਾਂ ਜਾਂ ਨਿਊਜ਼ ਏਜੰਸੀਆਂ ਦੁਆਰਾ ਤਿਆਰ ਉਹ ਸਮੱਗਰੀ ਹੁੰਦੀ ਹੈ ਜੋ ਸਹੀ ਤੇ ਸਪੱਸ਼ਟ ਰੂਪ ਵਿਚ ਜਨਤਾ ਤੱਕ ਪਹੁੰਚਾਈ ਜਾਣੀ ਹੁੰਦੀ ਹੈ ਪ੍ਰੈਸ ਰਿਪੋਰਟ ਕੱਚੀ ਸਮੱਗਰੀ ਹੁੰਦੀ ਹੈ ਇਸ ਤੋਂ ਅੱਗੇ ਖ਼ਬਰ ਤਿਆਰ ਕਰਨੀ ਹੁੰਦੀ ਹੈ ਇਹ ਅੱਗੇ ਰਿਪੋਰਟਰ ਦੇ ਹੱਥ ਹੁੰਦਾ ਹੈ ਕਿ ਉਹ ਪ੍ਰੈਸ ਰਿਪੋਰਟ ਤੋਂ ਕਿਸ ਤਰ੍ਹਾਂ ਖ਼ਬਰ ਤਿਆਰ ਕਰਦਾ ਹੈ ਕਿਉਂਕਿ ਖ਼ਬਰ ਲਿਖਣਾ ਵੀ ਕਲਾ ਹੈ ਜਿਸ ਲਈ ਪੱਤਰਕਾਰ ਨੂੰ ਲਗਾਤਾਰ ਅਭਿਆਸ ਦੀ ਲੋੜ ਹੁੰਦੀ ਹੈ ਖ਼ਬਰ ਤਿਆਰ ਕਰਨ ਲਈ ਖਬਰ ਤਿਆਰੀ ਬਾਰੇ ਤੇ ਭਾਸ਼ਾ ਬਾਰੇ ਜਾਣਕਾਰੀ ਦੀ ਲੋੜ ਹੁੰਦੀ ਹੈ ਤਾਂ ਜੋ ਖ਼ਬਰ ਪ੍ਰਭਾਵਸ਼ਾਲੀ ਬਣ ਸਕੇ।

### ਪ੍ਰੈਸ ਨੋਟ ਦਾ ਨਮੂਨਾ

ਅੱਜ ਮਿਤੀ 16.07.2021 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਡੇਲੀਵੇਜ ਕਰਮਚਾਰੀ ਯੂਨੀਅਨ ਆਪਣੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਨੂੰ ਲੈ ਕੇ ਆਪਣਾ ਮੰਗ ਪੱਤਰ ਸ. ਬਲਵੀਰ ਸਿੰਘ ਸਿੱਧੂ, ਸਿਹਤ ਤੇ ਕਿਰਤ ਮੰਤਰੀ ਪੰਜਾਬ ਨੂੰ ਮਿਲੇ। ਯੂਨੀਅਨ ਨੇ ਮੰਤਰੀ ਜੀ ਨੂੰ ਜਾਣੂੰ ਕਰਵਾਇਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਪਿੱਛਲੇ 10-15 ਸਾਲਾਂ ਤੋਂ 550 ਦੇ ਲੱਗਭੱਗ ਡੇਲੀਵੇਜ਼ ਕਰਮਚਾਰੀ ਕੰਮ ਕਰ ਰਹੇ ਹਨ ਅਤੇ ਸਾਰੇ ਹੀ ਕਰਮਚਾਰੀ ਪੜੇ ਲਿਖੇ ਹਨ ਅਤੇ ਸਾਰੇ ਹੀ ਕਰਮਚਾਰੀ ਹੈਲਪਰ, ਕਲਰਕ, ਕੰਪਿਊਟਰ ਅਪਰੇਟਰ, ਇਲੈਕਟਰੀਸਨ ਅਤੇ ਮਾਲੀ ਆਦਿ ਦਾ ਕੰਮ ਇਮਾਨਦਾਰੀ ਨਾਲ ਕਰ ਰਹੇ ਹਨ ਪ੍ਰੰਤੂ ਦਫਤਰ ਵੱਲੋਂ ਸਾਨੂੰ 6 ਤੋਂ 7 ਹਜ਼ਾਰ ਰੁਪਏ ਤਨਖਾਹ ਦਿੱਤੀ ਜਾਂਦੀ ਹੈ। ਅੱਜ ਦੇ ਯੁੱਗ ਵਿੱਚ ਇੰਨੀ ਮਹਿੰਗਾਈ ਦੇ ਵਿੱਚ ਸਾਨੂੰ ਆਪਣੇ ਪਰਿਵਾਰਾਂ ਦਾ ਗੁਜਾਰਾ ਕਰਨਾ ਬਹੁਤ ਮੁਸਕਿਲ ਹੈ। ਸੋ ਸਾਡੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣ। ਮੰਤਰੀ ਜੀ ਨੇ ਯੂਨੀਅਨ ਨੂੰ ਵਿਸਵਾਸ ਦਿਵਾਇਆ ਕਿ ਪੰਜਾਬ ਸਰਕਾਰ ਜਲਦ ਹੀ ਨੋਟੀਫਿਕੇਸਨ ਕਰਨ ਜਾ ਰਹੀ ਹੈ। ਜਿਸ ਵਿੱਚ ਪੂਰੇ ਪੰਜਾਬ ਦੇ ਕੱਚੇ ਮੁਲਾਜਮਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਮੌਕੇ ਤੇ ਯੂਨੀਅਨ ਦੇ ਪ੍ਰਧਾਨ ਇੰਦਰਜੀਤ ਸਿੰਘ, ਜਨਰਲ ਸਕੱਤਰ ਰਾਜ ਕੁਮਾਰ, ਬੁੱਟਾ ਸਿੰਘ, ਕਰਨ ਸਿੰਘ, ਮਨਦੀਪ ਸਿੰਘ ਆਦਿ ਹਾਜਰ ਸਨ।

ਅਮਰਜੀਤ ਸਿੰਘ

ਪ੍ਰੈਸ ਸਕੱਤਰ

## Cabinet approves Memorandum of Understanding (MoU) between India and Kingdom of Denmark on Cooperation in the field of Health and Medicine

Posted On : 14 Jul 0221

The Union cabinet chaired by the Prime Minister Shri Narendra Modi has approved the Memorandum of Understanding (MoU) between the Ministry of Health & Family Welfare of the Government of the Republic of India and the Ministry of Health of the Kingdome of Denmark on Cooperation in the field of Health and Medicine.

**Benefits :**

The bilateral Memorandum of Understanding will encourage cooperation between the Ministry of Heatlh and Family Welfare of the Republic of India and the Ministry of Health of the Kingdom of Denmark through joint initiatives and technology development in the health sector. It will strengthn bilateral ties between India and Denmark.

The bilateral Memorandum of Understanding shall encourage cooperation between the Ministry of Health and Family Welfare of the Republic of India and the Ministry of Health of the Kingdom of Denmark through joint initiatives and development of research in the health sector. This will facilitiate in improving the public health stauts of the people of both the countries.

## ਵਿਜੀਲੈਂਸ ਬਿਊਰੋ, ਪੰਜਾਬ

## ਵਿਜੀਲੈਂਸ ਨੇ ਜੂਨ ਮਹੀਨੇ ਦੌਰਾਨ ਰਿਸ਼ਵਤ ਲੈਣ ਦੇ ਮਾਮਲੇ ’ਚ 9 ਕਰਮਚਾਰੀਆਂ ਅਤੇ 1 ਪ੍ਰਾਈਵੇਟ ਵਿਅਕਤੀ ਨੂੰ ਕੀਤਾ ਕਾਬੂ

**ਚੰਡੀਗੜ੍ਹ, 14 ਜੁਲਾਈ :** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਜੂਨ ਮਹੀਨੇ ਵਿੱਚ ਵੱਖ-ਵੱਖ ਤਰ੍ਹਾਂ ਦੇ ਰਿਸ਼ਵਤਖੋਰੀ ਦੇ 8 ਮਾਮਲਿਆਂ ਵਿੱਚ 9 ਸਰਕਾਰੀ ਕਰਮਚਾਰੀਆਂ ਅਤੇ 1 ਪ੍ਰਾਈਵੇਟ ਵਿਅਕਤੀ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਜਿਸ ਵਿਚ ਪੁਲਿਸ ਦੇ 3 ਮੁਲਾਜ਼ਮ ਅਤੇ ਮਾਲ ਵਿਭਾਗ ਦੇ 2 ਕਰਮਚਾਰੀ ਸ਼ਾਮਲ ਹਨ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਚੀਫ਼ ਡਾਇਰੈਕਟਰ-ਕਮ-ਡੀ.ਜੀ.ਪੀ. ਵਿਜੀਲੈਂਸ ਬਿਊਰੋ ਪੰਜਾਬ ਸ੍ਰੀ ਬੀ.ਕੇ. ਉੱਪਲ ਨੇ ਕਿਹਾ ਕਿ ਬਿਊਰੋ ਨੇ ਇਸ ਅਰਸੇ ਦੌਰਾਨ ਸਰਕਾਰੀ ਕਰਮਚਾਰੀਆਂ ਅਤੇ ਹੋਰਾਂ ਦਰਮਿਆਨ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਠੋਸ ਕੋਸ਼ਿਸ਼ਾਂ ਕੀਤੀਆਂ ਹਨ।

ਉਨ੍ਹਾਂ ਦੱਸਿਆ ਕਿ ਬਿਊਰੋ ਨੇ ਪਿਛਲੇ ਮਹੀਨੇ ਵੱਖ-ਵੱਖ ਅਦਾਲਤਾਂ ਵਿੱਚ ਵਿਜੀਲੈਂਸ ਵੱਲੋਂ ਦਰਜ 12 ਮੁਕੱਦਮਿਆਂ 'ਚ ਚਲਾਨ ਦਾਖਲ ਕੀਤੇ ਗਏ। ਇਸ ਸਮੇਂ ਦੌਰਾਨ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਪੂਰੀ ਡੂੰਘਾਈ ਨਾਲ ਜਾਂਚ ਲਈ 6 ਵਿਜੀਲੈਂਸ ਪੜਤਾਲਾਂ ਵੀ ਦਰਜ ਕੀਤੀਆਂ ਗਈਆਂ। ਇਸ ਤੋਂ ਇਲਾਵਾ ਇਸੇ ਅਰਸੇ ਦੌਰਾਨ ਕੀਤੀਆਂ ਵਿਜੀਲੈਂਸ ਪੜਤਾਲਾਂ ਦੇ ਆਧਾਰ 'ਤੇ 4 ਨਵੇਂ ਮੁਕੱਦਮੇ ਵੀ ਦਰਜ ਕੀਤੇ ਗਏ ਹਨ।

## ਸਕੂਲ ਸਿੱਖਿਆ ਦੇ ਖੇਤਰ ਸਿਖਲਾਈ ਅਤੇ ਮਾਰਗਦਰਸ਼ਨ ਦੇ ਮਕਸਦ ਤਹਿਤ ਪ੍ਰਮੁੱਖ ਅਦਾਰਿਆਂ ਨਾਲ ਤਾਲਮੇਲ ਮਜਬੂਤ ਕੀਤਾ ਜਾਵੇਗਾ: ਵਿਜੈ ਇੰਦਰ ਸਿੰਗਲਾ

## ਸਕੂਲ ਸਿੱਖਿਆ ਮੰਤਰੀ ਨੇ ਆਈਐਸਬੀ ਮੁਹਾਲੀ ਵੱਲੋਂ ਸਰਕਾਰੀ ਸਕੂਲ ਅਧਿਆਪਕਾਂ ਦੀ ਕਰਵਾਈ ਜਾਣ ਵਾਲੀ ਆਧੁਨਿਕ ਸਿਖਲਾਈ ਦੀ ਕੀਤੀ ਸ਼ੁਰੂਆਤ

## ਵਿਜੈ ਇੰਦਰ ਸਿੰਗਲਾ ਨੇ ਨਵੇਂ ਭਰਤੀ ਕੀਤੇ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਵੰਡਣ ਦੀ ਵੀ ਕੀਤੀ ਸ਼ੁਰੂਆਤ

## ਪੰਜਾਬ ਸਰਕਾਰ ਸਕੂਲ ਸਿੱਖਿਆ ਦੇ ਖੇਤਰ ਵਿਚ ਪਹਿਲਾ ਸਥਾਨ ਕਾਇਮ ਰੱਖਣ ਲਈ ਵਚਨਬੱਧ : ਸਿੰਗਲਾ

**ਸੰਗਰੂਰ/ਚੰਡੀਗੜ੍ਹ : 16 ਜੁਲਾਈ :** ਪੰਜਾਬ ਸਕੂਲ ਸਿੱਖਿਆ ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੂਰਅੰਦੇਸ਼ੀ ਅਗਵਾਈ ਹੇਠ ਸਕੂਲ ਸਿੱਖਿਆ ਵਿਭਾਗ ਨੇ ਸਿਖਲਾਈ ਅਤੇ ਮਾਰਗਦਰਸ਼ਨ ਦੇ ਮਕਸਦ ਨਾਲ ਸੂਬੇ ਦੇ ਪ੍ਰਮੁੱਖ ਅਦਾਰਿਆਂ ਨਾਲ ਆਪਣਾ ਤਾਲਮੇਲ ਮਜਬੂਤ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਵਿਦਿਅਕ, ਖੇਡਾਂ ਅਤੇ ਸਕਾਲਰਸ਼ਿਪ ਦੇ ਖੇਤਰ ਵਿਚ ਵੀ ਵਿਦਿਆਰਥੀਆਂ ਨੂੰ ਲਾਭ ਮਿਲੇਗਾ। ਕੈਬਨਿਟ ਮੰਤਰੀ ਸ੍ਰੀ ਸਿੰਗਲਾ ਅੱਜ ਇਥੇ ਇੰਡੀਅਨ ਸਕੂਲ ਆਫ ਬਿਜਨਸ (ਆਈਐਸਬੀ), ਮੁਹਾਲੀ ਵੱਲੋਂ ਸਰਕਾਰੀ ਸਕੂਲ ਅਧਿਆਪਕਾਂ ਦੀ ਆਧੁਨਿਕ ਸਿਖਲਾਈ ਸਬੰਧੀ ਵਰਚੁਅਲ ਲਾਂਚ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ ਲਈ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਸੰਗਰੂਰ ਵਿਖੇ ਪਹੁੰਚੇ ਹੋਏ ਸਨ। ਸ੍ਰੀ ਸਿੰਗਲਾ ਨੇ ਵਰਚੂਅਲ ਪ੍ਰੋਗਰਾਮ ਦੌਰਾਨ ਨਵੇਂ ਭਰਤੀ ਕੀਤੇ 2,527 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਵੰਡਣ ਦੀ ਸ਼ੁਰੂਆਤ ਕੀਤੀ।

ਸਕੂਲ ਸਿੱਖਿਆ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਸੁਧਾਰਾਂ ਅਤੇ ਉਪਰਾਲਿਆਂ ਸਦਕਾ ਪੰਜਾਬ ਪੂਰੇ ਦੇਸ ਵਿੱਚੋਂ ਸਕੂਲ ਸਿੱਖਿਆ ਦੇ ਖੇਤਰ 'ਚ ਮੋਹਰੀ ਸੂਬਾ ਬਣ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਅਤੇ ਅਧਿਆਪਕ, ਅਧਿਕਾਰੀ ਅਤੇ ਸਿੱਖਿਆ ਵਿਭਾਗ ਦਾ ਹੋਰ ਸਟਾਫ ਆਉਣ ਵਾਲੇ ਸਾਲਾਂ ਵਿੱਚ ਵੀ ਪਹਿਲੇ ਸਥਾਨ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ

ਕਿ ਕੋਵਿਡ–19 ਦੇ ਮੁਸ਼ਕਲ ਸਮੇਂ ਦੌਰਾਨ ਬਹੁਤ ਸਾਰੀਆਂ ਮੁਸਕਲਾਂ ਦੇ ਬਾਵਜੂਦ ਅਧਿਆਪਕਾਂ ਨੇ ਵਿਦਿਆਰਥੀਆਂ ਲਈ ਆਨਲਾਈਨ ਸਿੱਖਿਆ ਨੂੰ ਯਕੀਨੀ ਬਣਾਇਆ ਹੈ।

ਪ੍ਰੋਗਰਾਮ ਦੌਰਾਨ ਸ੍ਰੀ ਵਿਜੈ ਇੰਦਰ ਸਿੰਗਲਾ ਨੇ ਆਈਐਸਬੀ ਮੁਹਾਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਿੱਖਿਆ ਵਿਭਾਗ ਲਈ ਮਾਣ ਵਾਲੀ ਗੱਲ ਹੈ ਕਿ ਦੇਸ਼ ਦੀ ਇੱਕ ਪ੍ਰਮੁੱਖ ਸੰਸਥਾ ਨੇ ਪ੍ਰਿੰਸੀਪਲਾਂ ਅਤੇ ਸਰਕਾਰੀ ਸਕੂਲ ਮੁਖੀਆਂ ਨੂੰ ਪੇਸੇਵਰ ਸਿਖਲਾਈ ਮੁਹੱਈਆ ਕਰਵਾਉਣ ਲਈ ਆਪਣੀ ਸਹਾਇਤਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਇਸ ਪ੍ਰੋਗਰਾਮ ਨੂੰ ਸੂਬੇ ਦੇ ਸਾਰੇ ਅਧਿਆਪਕਾਂ ਲਈ ਸ਼ੁਰੂ ਕਰੇਗਾ ਕਿਉਂਕਿ ਇਹ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਅਧਿਆਪਨ ਦੇ ਹੁਨਰ ਵਿੱਚ ਵਾਧਾ ਕਰੇਗਾ।

ਸ੍ਰੀ ਸਿੰਗਲਾ ਨੇ ਦੱਸਿਆ ਕਿ ਭਾਰਤੀ ਇੰਸਟੀਚਿਊਟ ਆਫ ਪਬਲਿਕ ਪਾਲਿਸੀ (ਬੀਆਈਪੀਪੀ) ਨੇ ਸਕੂਲ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਪੰਜਾਬ ਲੋਕ ਸੇਵਾ ਕਮਿਸ਼ਨ (ਪੀਪੀਐਸਸੀ) ਰਾਹੀਂ ਸਿੱਧੇ ਤੌਰ ’ਤੇ ਭਰਤੀ ਸਰਕਾਰੀ ਹਾਈ ਸਕੂਲਾਂ ਦੇ ਹੈੱਡਮਾਸਟਰਾਂ ਲਈ ਅਗਵਾਈ ਅਤੇ ਪ੍ਰੇਰਣਾ ਵਿਸ਼ੇ ਤੇ ਕਈ ਸਿਖਲਾਈ ਵਰਕਸ਼ਾਪਾਂ ਆਯੋਜਿਤ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਇਹ ਵਰਤਸ਼ਾਪਾ ਬੀ.ਆਈ.ਪੀ.ਪੀ. ਵੱਲੋਂ ਵਿਭਾਗ ਨਾਲ ਮਿਲ ਕੇ ਸ਼ੁਰੂ ਕੀਤੇ ਇੱਕ ਬਹੁਤ ਵੱਡੇ ਪ੍ਰਾਜੈਕਟ ਪੰਜਾਬ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਇਸ ਕਿਸਮ ਦੀ ਸਿਖਲਾਈ ਵੱਡੇ ਪੱਧਰ ’ਤੇ ਯੋਜਨਾਬੱਧ ਕੀਤੀ ਗਈ ਹੈ ਅਤੇ ਰਾਸ਼ਟਰੀ ਮਾਧਿਅਮਕ ਸਕੂਲ ਅਭਿਆਨ (ਰਮਸਾ) ਅਧੀਨ 317 ਸਮੇਤ ਕੁੱਲ 152 ਪ੍ਰਿੰਸੀਪਲਾਂ, 672 ਮੁੱਖ ਅਧਿਆਪਕਾਂ ਨੂੰ ਸਿਖਲਾਈ ਦਿੱਤੀ ਗਈ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਪਹਿਲ ਨੂੰ ਅਗਲੇ ਪੱਧਰ ਤੱਕ ਲਿਜਾਣ ਲਈ ਵਿਭਾਗ ਨੇ ਇੱਕ ਆਨਲਾਈਨ ਸਿਖਲਾਈ ਮਡਿਊਲ ਤਿਆਰ ਕੀਤਾ ਹੈ ਜੋ ਕਿ ਸੂਬੇ ਭਰ ਦੇ 10,000 ਤੋਂ ਵੱਧ ਸਕੂਲ ਮੁਖੀਆਂ, ਪ੍ਰਿੰਸੀਪਲਾਂ, ਲੈਕਚਰਾਰਾਂ, ਬੀਪੀਈਓਜ, ਸੀ.ਐਚ.ਟੀ. ਅਤੇ ਐਚ.ਟੀਜ਼ ਤੱਕ ਪਹੁੰਚ ਲਈ ਉਪਲੱਬਧ ਹੋਵੇਗਾ। ਇਨ੍ਹਾਂ ਮਡਿਊਲਾਂ ਦੀ ਵਧੇਰੇ ਪਹੁੰਚ ਹੋਣ ਦੇ ਨਾਲ ਨਾਲ ਇਹ ਮਹਾਂਮਾਰੀ ਦੀ ਸਥਿਤੀ ਦੌਰਾਨ ਵਧੇਰੇ ਮਦਦਗਾਰ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਇਸ ਦਾ ਮੂਲ ਟੀਚਾ ਸਕੂਲ ਪ੍ਰਿੰਸੀਪਲਾਂ ਦੀ ਸਮਰੱਥਾ ਨੂੰ ਵਧਾਉਣਾ ਹੈ ਤਾਂ ਜੋ ਉਹ ਵੱਖ ਵੱਖ ਭਾਈਵਾਲਾਂ ਨਾਲ ਜੁੜ ਕੇ ਸਕੂਲਾਂ ਵਿੱਚ ਇੱਕ ਮਿਆਰੀ ਸਿੱਖਿਆ ਦਾ ਮਾਹੌਲ ਸਿਰਜ ਸਕਣ।

ਨਵੇਂ ਭਰਤੀ ਹੋਏ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਸਕੂਲ ਸਿੱਖਿਆ ਮਤਰੀ ਨੇ ਉਨ੍ਹਾਂ ਨੂੰ ਇੱਕ ਮਜਬੂਤ ਰਾਸ਼ਟਰ ਦੇ ਨਿਰਮਾਣ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਸਬੰਧੀ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਅਧਿਆਪਕਾਂ ਨੂੰ ਪਾਰਦਰਸ਼ੀ ਪ੍ਰਸ਼ਾਸਨਿਕ ਪ੍ਰਣਾਲੀ ਪ੍ਰਦਾਨ ਕਰਨ ਲਈ ਕਾਂਗਰਸ ਸਰਕਾਰ ਨੇ ਆਨਲਾਈਨ ਅਧਿਆਪਕ ਤਬਾਦਲਾ ਨੀਤੀ ਲਾਗੂ ਕੀਤੀ ਹੈ, ਜਿਸ ਤਹਿਤ ਪੂਰੀ ਤਰ੍ਹਾਂ ਅਧਿਆਪਕ ਦੀ ਕਾਰਗੁਜਾਰੀ ਦੇ ਅਧਾਰ ’ਤੇ ਤਬਾਦਲੇ ਕੀਤੇ ਜਾਂਦੇ ਹਨ।

ਇਸ ਮੌਕੇ ਮੁੱਖ ਸਕੱਤਰ, ਪੰਜਾਬ ਸ੍ਰੀਮਤੀ ਵਿਨੀ ਮਹਾਜਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਕੂਲ ਸਿੱਖਿਆ ਦੇ ਮਿਆਰ ਨੂੰ ਬਿਹਤਰ ਬਣਾਉਣ ਲਈ ਕਈ ਨਵੇਂ ਉਪਰਾਲੇ ਕੀਤੇ ਹਨ ਜਿਸ ਨਾਲ ਪੇਂਡੂ ਵਿਦਿਆਰਥੀਆਂ ਨੂੰ ਪੇਸੇਵਰ ਹੁਨਰ ਦੇਣ ਲਈ ਇੱਕ ਮੰਚ ਮੁਹੱਈਆ ਕਰਵਾਉਣ ਵਿੱਚ ਸਹਾਇਤਾ ਮਿਲੀ

ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਸਕੂਲਾਂ ਨੂੰ ਸਮਰਾਟ ਸਕੂਲਾਂ ਵਿੱਚ ਤਬਦੀਲ ਕਰਨ ਲਈ ਵਿਦਿਆਰਥੀਆਂ ਨੂੰ ਸਮਾਰਟਫੋਨਾਂ ਤੋਂ ਇਲਾਵਾ ਕਸੂਲਾਂ ਵਿੱਚ ਐਲ.ਈ.ਡੀਜ਼ ਅਤੇ ਟੈਬਲੇਟਜ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਅਧਿਆਪਕਾਂ ਦੇ ਯੋਗਦਾਨ ਦੀ ਸਲਾਘਾ ਕਰਦਿਆਂ ਕਿਹਾ ਕਿ ਅਧਿਆਪਕ ਭਾਈਚਾਰੇ ਨੇ ਸਮਾਰਟ ਸਕੂਲ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਹੈ ਜਿਸ ਦੇ ਨਤੀਜੇ ਵਜੋਂ ਸਕੂਲ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ।

ਪ੍ਰੋਗਰਾਮ ਦੌਰਾਨ ਸਕੱਤਰ ਸਕੂਲ ਸਿੱਖਿਆ ਸ੍ਰੀ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਇੰਨ-ਸਰਵਿਸ ਟਰੇਨਿੰਗ ਦਾ ਅਸਲ ਟੀਚਾ ਸਕੂਲ ਪ੍ਰਿੰਸੀਪਲਾਂ ਦੀ ਸਮਰੱਥਾ ਨੂੰ ਵਧਾਉਣਾ ਹੈ ਤਾ ਜੋ ਉਹ ਵੱਖ-ਵੱਖ ਭਾਈਵਾਲਾਂ ਨਾਲ ਜੁੜ ਕੇ ਸਕੂਲਾਂ ਵਿੱਚ ਇਕ ਬਿਹਤਰ ਸਿੱਖਿਆ ਪ੍ਰਣਾਲੀ ਦਾ ਮਾਹੌਲ ਸਿਰਜ ਸਕਣ।

ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਰਾਮਵੀਰ, ਕਾਂਗਰਸ ਆਗੂ ਦਾਮਨ ਥਿੰਦ ਬਾਜਵਾ, ਏ.ਡੀ.ਸੀ. ਅਨਮੋਲ ਸਿੰਘ ਧਾਲੀਵਾਲ, ਡੀ.ਈ.ਓ. ਮਲਕੀਤ ਸਿੰਘ ਖੋਸਾ, ਪ੍ਰਧਾਨ ਕਾਨੂੰਨੀ ਸੈੱਲ ਪੀ.ਪੀ.ਸੀ.ਸੀ. ਗੁਰਤੇਜ ਸਿੰਘ ਗਰੇਵਾਲ, ਚੇਅਰਮੈਨ ਸੁਧਾਰ ਟਰੱਸਟ ਨਰੇਸ ਗਾਬਾ, ਜ਼ਿਲ੍ਹਾ ਪ੍ਰਘਾਨ ਯੂਥ ਕਾਂਗਰਸ ਗੋਬਿੰਦ ਸਿੰਘ ਤੋਂ ਇਲਾਵਾ ਹੋਰ ਕਹੀ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

## 1.1.7 ਸਿੱਟਾ

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਅਜੋਕੇ ਸਮੇਂ ਵਿੱਚ ਮੀਡੀਆ ਮਨੁੱਖੀ ਜਨ-ਜੀਵਨ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਅਖਬਾਰੀ ਜਗਤ ਨਾਲ ਸਬੰਧਿਤ ਸੰਕਲਪਾਂ ਜਿਵੇਂ ਕਿ ਖਬਰ, ਅਖਬਾਰੀ ਲੇਖ, ਸੰਪਾਦਕੀ ਲੇਖ, ਪ੍ਰੈਸ ਰਿਪੋਰਟ ਅਤੇ ਮਿਡਲ ਬਾਰੇ ਜਾਣਕਾਰੀ ਦਿੱਤੀ ਹੈ। ਜਿਥੇ ਖਬਰ ਹਰ ਨਵੀਂ ਘਟਨਾ ਜਾਂ ਵਰਤਾਰੇ ਬਾਰੇ ਜਾਣਕਾਰੀ ਹੈ ਜੋ ਮਨੁੱਖੀ ਦਿਲਚਸਪੀ ਦਾ ਹਿੱਸਾ ਹੈ। ਖਬਰ ਦੀ ਜਿੰਦ-ਜਾਨ ਉਸਦਾ ਤੱਥਾਂ ਅਧਾਰਤ ਅਤੇ ਨਿਰਪੱਖ ਹੋਣਾ ਹੈ। ਅਖਬਾਰੀ ਲੇਖ ਅਤੇ ਸੰਪਾਦਕੀ ਲੇਖ ਨੂੰ ਅਖਬਾਰ ਦੀ ਰੂਹ ਕਿਹਾ ਜਾਂਦਾ ਹੈ। ਇਹਨਾਂ ਵਿੱਚ ਲੇਖਕਾਂ ਦੁਆਰਾ ਵੱਖ-ਵੱਖ ਵਿਸ਼ਿਆਂ ਬਾਰੇ ਤਰਕਮਈ ਢੰਗ ਨਾਲ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ। ਅਖਬਾਰ ਦੇ ਢਾਂਚੇ ਵਿੱਚ "ਵਿਚਕਾਰ" ਹੋਣ ਕਾਰਨ ਫੀਚਰ ਨੂੰ ਮਿਡਲ ਕਿਹਾ ਜਾਂਦਾ ਹੈ, ਮਿਡਲ ਵਿਸ਼ੇ ਵੱਜੋਂ ਖੁੱਲੇ ਸੁਭਾਅ ਦਾ ਹੁੰਦਾ ਹੈ ਅਤੇ ਇਸਦੀ ਸ਼ੈਲੀ ਹਲਕੀ-ਫੁਲਕੀ ਹੁੰਦੀ ਹੈ। ਪ੍ਰੈਸ ਰਿਪੋਰਟ ਖਬਰਾਂ ਲਈ ਕੱਚੀ ਸਮੱਗਰੀ ਹੁੰਦੀ ਹੈ ਜਿਸ ਤੋਂ ਰਿਪੋਟਰ ਖਬਰਾਂ ਤਿਆਰ ਕਰਦਾ ਹੈ। ਇਸ ਪ੍ਰਕਾਰ ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਇਨ੍ਹਾਂ ਸੰਕਲਪਾਂ ਦੇ ਸਿਧਾਂਤਕ ਰੂਪ ਅਤੇ ਵਿਵਾਹਰਕ ਪੱਖ ਬਾਰੇ ਜਾਣਕਾਰੀ ਦਿੱਤੀ ਗਈ ਹੈ।

## 1.1.8 **ਅਭਿਆਸ ਲਈ** ਪ੍ਰਸ਼ਨ

1. ਖ਼ਬਰ ਕੀ ਹੁੰਦੀ ਹੈ? ਇਸਦੇ ਤੱਤ, ਵਿਸ਼ੇਸ਼ਤਾਵਾਂ ਬਾਰੇ ਵਿਸਥਾਰਪੂਰਵਕ ਨੋਟ ਲਿਖੋ।
2. ਖ਼ਬਰ ਦੀਆਂ ਕਿਸਮਾਂ ਬਾਰੇ ਨੋਟ ਲਿਖੋ।
3. ਅਖ਼ਬਾਰੀ ਲੇਖ ਤੋਂ ਕੀ ਭਾਵ ਹੈ?
4. ਅਖ਼ਬਾਰੀ ਲੇਖ ਅਤੇ ਸੰਪਾਦਕੀ ਲੇਖ ਵਿੱਚ ਅੰਤਰ ਸਪੱਸ਼ਟ ਕਰੋ।

5. ਮਿਡਲ ਕੀ ਹੁੰਦਾ ਹੈ? ਇਸਦੀ ਸ਼ੈਲੀ ਬਾਰੇ ਸੰਖੇਪ ਨੋਟ ਲਿਖੋ।
6. ਪ੍ਰੈਸ ਰਿਪੋਰਟ ਤੋਂ ਕੀ ਭਾਵ ਹੈ? ਇਸਦੇ ਉਦੇਸ਼ ਕੀ ਹੁੰਦੇ ਹਨ?
7. ਖ਼ਬਰ ਦੇ ਪ੍ਰਸੰਗ ਵਿੱਚ ਨਿਰਪੱਖਤਾ ਬਾਰੇ ਸਪੱਸ਼ਟ ਕਰੋ।

### 1.1.9 ਸਹਾਇਕ ਪੁਸਤਕ ਸੂਚੀ

ਆਸ਼ਾ ਸ਼ਰਮਾ, ਐਮ.ਪੀ. ਕੋਹਲੀ, ਸਮਾਚਾਰ ਪ੍ਰਣਾਲੀ ਤੇ ਸੰਪਾਦਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਹਰਜਿੰਦਰ ਵਾਲੀਆ (ਡਾ.), ਪਾਰੁਲ ਰਾਏਜ਼ਾਦਾ, ਪੱਤਰਕਾਰੀ ਤੇ ਜਨ-ਸੰਚਾਰ, ਮਦਾਨ ਪਬਲਿਸ਼ਿੰਗ ਹਾਊਸ, ਪਟਿਆਲਾ, 2014

ਹਰਜਿੰਦਰ ਵਾਲੀਆ (ਡਾ.), ਭੁਪਿੰਦਰ ਬਤਰਾ, ਸੰਚਾਰ, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2005

ਕਮਲ ਜੀਤ ਸਿੰਘ (ਡਾ.), ਮਲਟੀ ਮੀਡੀਆ ਅਤੇ ਅਨੁਵਾਦ-ਕਲਾ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2013

ਗੁਰਮੀਤ ਸਿੰਘ ਮਾਨ, ਪੱਤਰਕਾਰੀ ਦੇ ਮੂਲ ਸਿਧਾਂਤ, ਮਦਾਨ ਪਬਲੀਸ਼ਰਜ਼, ਪਟਿਆਲਾ, 1996

ਰਵੇਲ ਸਿੰਘ (ਡਾ.), ਮੀਡੀਆ ਵਿਹਾਰਕ ਅਧਿਐਨ

**Converted in Self Learning Mode by Dr. Satnam Singh Sandhu**
**Last Update May, 2023**

**ਪਾਠ ਨੰ: 1.2**

# ਲੇਖ ਰਚਨਾ

**1.2.1 ਪਾਠ ਦਾ ਉਦੇਸ਼**
**1.2.2 ਭੂਮਿਕਾ**
**1.2.3 ਪਾਠ ਦੀ ਰੂਪ-ਰੇਖਾ**

## 1.2.1 ਪਾਠ ਦਾ ਉਦੇਸ਼

ਇਸ ਪਾਠ ਵਿੰਚ ਵਿਦਿਆਰਥੀਆਂ ਦੇ ਲਾਭ ਹਿੱਤ ਲੇਖ ਦਾ ਅਰਥ ਦੱਸਦੇ ਹੋਏ ਲੇਖ ਦੇ ਪ੍ਰਮੁੱਖ ਵਿਸ਼ਿਆਂ ਬਾਰੇ ਚਾਨਣਾ ਪਾਇਆ ਜਾਵੇਗਾ। ਇਸ ਤੋਂ ਇਲਾਵਾ ਇੱਕ ਚੰਗੇ ਲੇਖ ਲਿਖਣ ਦੀ ਵਿਧੀ, ਨਿਬੰਧ ਲਈ ਵਿਸ਼ੇ ਦੀ ਚੋਣ, ਲੇਖ ਦੇ ਆਰੰਭ ਕਰਨ ਦਾ ਢੰਗ, ਲੇਖ ਦੀ ਬੋਲੀ ਅਤੇ ਸ਼ੈਲੀ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ। ਇਸ ਤੋਂ ਬਿਨਾਂ ਲੇਖ ਦੀਆਂ ਪ੍ਰਮੁੱਖ ਕਿਸਮਾਂ ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

## 1.2.2 ਭੂਮਿਕਾ

ਲੇਖ ਲਿਖਣਾ ਇੱਕ ਪ੍ਰਕਾਰ ਦੀ ਕਲਾ ਹੈ। ਇਹ ਕਲਾ ਲਗਾਤਾਰ ਅਭਿਆਸ ਕਰਨ ਨਾਲ ਹੀ ਆਉਂਦੀ ਹੈ। ਇਸ ਲਈ ਲੇਖ ਲਿਖਣ ਤੋਂ ਪਹਿਲਾ ਇਹ ਸਮਝ ਲੇਣਾ ਜਰੂਰੀ ਹੁੰਦਾ ਹੈ ਕਿ ਲੇਖ ਕਿਸ ਬਾਰੇ ਹੈ ਅਤੇ ਇਹ ਕਿਸ ਤਰ੍ਹਾਂ ਲਿਖਣਾ ਚਾਹੀਦਾ ਹੈ।ਇਸ ਪਾਠ ਵਿਚ ਲੇਖ ਕੀ ਹੈ। ਇਸਦੇ ਕਿਹੜੇ ਕਿਹੜੇ ਮਹੱਤਵਪੂਰਨ ਪੱਖ ਹਨ। ਇਸ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਪਾਠ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਸ਼ੁੱਧ ਅਤੇ ਸਹੀ ਲੇਖ ਲਿਖਣ ਦੀ ਯੋਗਤਾ ਹਾਸਲ ਕਰ ਲਵੇਗਾ।

## 1.2.3 ਪਾਠ ਦੀ ਰੂਪ-ਰੇਖਾ

ਲੇਖ ਰਚਨਾ........ਲੇਖ ਦੇ ਵਿਸ਼ੇ..........ਸਾਹਿਤਕ ਲੇਖ...........ਰਾਜਨਿਤਿਕ ਲੇਖ......... ਲੇਖ ਦਾ ਆਰੰਭ........ਵਿਸ਼ਾ........ਲੇਖ ਦਾ ਅੰਤ........ਲੇਖ ਦੀ ਸ਼ੈਲੀ.......ਵਿਦਿਆਰਥੀਆਂ ਦੇ ਹਿੱਤ..........ਕੁਝ ਲੇਖਾਂ ਬਾਰੇ ਜਾਣਕਾਰੀ

ਛੇਵੇਂ ਪਰਚੇ ਦਾ ਸਿਲੇਬਸ ਦੇਖਣ ਤੋਂ ਪਿੱਛੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਪਰਚੇ ਵਿਚ ਤੁਹਾਨੂੰ ਇਕ ਪ੍ਰਸ਼ਨ ਲੇਖ ਲਿਖਣ ਸੰਬੰਧੀ ਆਉਣਾ ਹੈ। ਸੋ, ਸਾਨੂੰ ਸਭ ਤੋਂ ਸੁੱਧ ਪਹਿਲਾ ਇਸ ਪ੍ਰਸ਼ਨ ਵੱਲ ਧਿਆਨ ਦੇਣਾ ਚਾਹੀਦਾ ਹੈ, ਅਰਥਾਤ ਲੇਖ ਕੀ ਹੁੰਦਾ ਹੈ ਤੇ ਇਕ ਪ੍ਰਭਾਵਸ਼ਾਲੀ ਲੇਖ ਕਿਵੇਂ ਲਿਖਿਆ ਜਾ ਸਕਦਾ ਹੈ? ਲੇਖ ਦਾ ਸਿਧਾਂਤ ਕੀ ਹੈ? ਥੋੜ੍ਹਾ ਜਿਹਾ ਅਭਿਆਸ ਕਰਨ ਨਾਲ ਚੰਗਾ ਤੇ ਪ੍ਰਭਾਵਸ਼ਾਲੀ ਲੇਖ ਲਿਖਿਆ ਜਾ ਸਕਦਾ ਹੈ। ਪਿਛਲੇ ਸਾਲਾਂ ਦੀਆਂ ਪਰੀਖਿਆਵਾਂ ਦੇ ਪ੍ਰਸ਼ਨ ਪੱਤਰ ਵੇਖਣ ਤੋਂ ਪਤਾ ਲੱਗਦਾ ਹੈ ਕਿ ਲੇਖ ਕਿਸੇ ਵੀ ਵਿਸ਼ੇ ਤੇ ਆ ਸਕਦਾ ਹੈ। ਆਮ ਕਰਕੇ ਹੇਠ ਲਿਖਿਆਂ ਵਿਸ਼ਿਆਂ ਬਾਰੇ ਲੇਖ ਆਉਂਦੇ ਨ ਜਾਂ ਆ ਸਕਦੇ ਹਨ :

**1. ਸਾਹਿਤਕ ਲੇਖ :** ਜਿਵੇਂ ਪੰਜਾਬੀ ਸਾਹਿਤ, ਪੰਜਾਬੀ ਸੂਫੀ ਕਾਵਿ, ਪੰਜਾਬੀ ਨਾਵਲ, ਪੰਜਾਬੀ ਵਾਰਤਕ, ਪੰਜਾਬੀ ਨਾਟਕ, ਪੰਜਾਬੀ ਇਕਾਂਗੀ, ਪੰਜਾਬੀ ਕਹਾਣੀ, ਅਧਿਆਤਮਕ ਕਵਿਤਾ,

ਪੰਜਾਬ ਦੇ ਲੋਕ ਗੀਤ, ਪੰਜਾਬੀ ਬੋਲੀ ਦਾ ਭਵਿੱਖ, ਗੁਰਮੁਖੀ ਲਿੱਪੀ, ਆਧੁਨਿਕ ਪੰਜਾਬੀ ਕਵਿਤਾ, ਪੰਜਾਬੀ ਕਵਿਤਾ ਵਿਚ ਪ੍ਰਕ੍ਰਿਤੀ ਚਿਤਰਣ, ਪ੍ਰਗਤੀਸ਼ੀਲ ਸਾਹਿਤ, ਕਿਸੇ ਕਵੀ ਜਾਂ ਸਾਹਿਤਕਾਰ ਦਾ ਜੀਵਨ ਤੇ ਸਾਹਿਤਿਕ ਦੇਣ, ਪੰਜਾਬੀ ਸਾਹਿਤ ਵਿਚ ਯਥਾਰਥਵਾਦ ਆਦਿ।

**2. ਰਾਜਨੀਤਿਕ ਲੇਖ :** ਜਿਵੇਂ ਭਾਰਤ ਵਿਚ ਪੰਚਾਇਤੀ ਰਾਜ, ਲੋਕ ਰਾਜ, ਵਿਸ਼ਵ ਸ਼ਾਂਤੀ, ਸਮਾਜਵਾਦ, ਭਾਰਤੀ ਸੰਵਿਧਾਨ, ਹਿੰਦ-ਪਾਕਿਸਤਾਨ ਸੰਬੰਧ, ਬੰਗਲਾ ਦੇਸ਼ ਆਦਿ ਵਿਸ਼ਿਆਂ ਨਾਲ ਸੰਬੰਧਿਤ ਲੇਖਾਂ ਨੂੰ ਰਾਜਨੀਤਕ ਲੇਖ ਕਹਿੰਦੇ ਹਨ।

**3. ਸਮਾਜਿਕ ਤੇ ਵਿਦਿਅਕ ਲੇਖ :** ਜਿਵੇਂ ਪਿੰਡ ਸੁਧਾਰ, ਪੰਜਾਬ ਦੇ ਮੇਲੇ, ਸਮਾਜਿਕ ਕੁਰੀਤੀਆਂ, ਦੇਸ਼ ਪਿਆਰ, ਸਹਿ-ਸਿੱਖਿਆ, ਨਸ਼ੇਬੰਦੀ, ਵਿਦਿਆ ਪ੍ਰਣਾਲੀ, ਸਿੱਖਿਆ ਦਾ ਮਾਧਿਅਮ, ਜੰਗ ਦੇ ਮਾਰੂ ਪ੍ਰਭਾਵ, ਇਸਤਰੀ ਦਾ ਸਥਾਨ, ਛੂਤ-ਛਾਤ, ਵਿਧਵਾ ਵਿਆਹ ਆਦਿ।

**4. ਆਰਥਿਕ ਲੇਖ :** ਜਿਵੇਂ ਬੇਰੁਜ਼ਗਾਰੀ, ਸਹਿਕਾਰੀ-ਖੇਤੀ, ਜੀਵਨ-ਬੀਮਾ, ਪੰਜ ਸਾਲਾਂ ਯੋਜਨਾਵਾਂ, ਛੋਟੀਆਂ ਬੱਚਤਾਂ, ਬੈਂਕਾਂ ਦਾ ਰਾਸ਼ਟਰੀਕਰਣ ਆਦਿ।

**5. ਪ੍ਰਮੁੱਖ ਵਿਅਕਤੀਆਂ ਦੀਆਂ ਜੀਵਨੀਆਂ :** ਜਿਵੇਂ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸ਼ਹੀਦ ਭਗਤ ਸਿੰਘ, ਲਾਲ ਬਹਾਦਰ ਸ਼ਾਸਤਰੀ ਆਦਿ।

**6. ਧਾਰਮਿਕ ਤੇ ਫੁਟਕਲ ਲੇਖ :** ਜਿਵੇਂ ਬਸੰਤ ਰੁੱਤ, ਪ੍ਰਾਹੁਣਚਾਰੀ, ਫੈਸ਼ਨ, ਸਾਇੰਸ ਦੇ ਹਾਨੀ ਅਤੇ ਲਾਭ, ਐਟਮਸ਼ਕਤੀ, ਬਿਜਲੀ ਦੇ ਚਮਤਕਾਰ, ਵਿਗਿਆਨ ਤੇ ਧਰਮ, ਗੁਰਬਾਣੀ ਜਾਂ ਕਿਸੇ ਮਹਾਨ ਪੁਰਖ ਦੇ ਕਿਸੇ ਕਥਨ ਤੇ ਵਿਚਾਰ ਜਿਵੇਂ :

(ੳ) 'ਮਨਿ ਜੀਤੈ ਜਗੁ ਜੀਤੁ'।

(ਅ) 'ਸਾਚੀ ਲਿਵੈ ਬਿਨੁ ਦੇਹ ਨਿਮਾਣੀ' ਆਦਿ।

ਇਸ ਤੋਂ ਇਲਾਵਾ ਹੋਰ ਕਿਸੇ ਵਿਸ਼ੇ ਤੇ ਵੀ ਲੇਖ ਲਿਖਣਾ ਆ ਸਕਦਾ ਹੈ। ਹੁਣ ਲੇਖ ਲਿਖਣ ਦੇ ਢੰਗ ਸੰਬੰਧੀ ਵਿਚਾਰ ਕਰਾਂਗੇ।

**ਲੇਖ ਕੀ ਹੈ ? :** ਸਭ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਲੇਖ ਤੋਂ ਸਾਡਾ ਭਾਵ ਕੀ ਹੈ? ਅਰਥਾਤ ਲੇਖ ਦੀ ਪਰਿਭਾਸ਼ਾ ਕੀ ਹੈ। ਪੰਜਾਬੀ ਵਿਚ ਜਿਸ ਰਚਨਾ ਨੂੰ ਅਸੀਂ 'ਲੇਖ' ਕਹਿੰਦੇ ਹਾਂ ਉਹ ਅੰਗਰੇਜ਼ੀ 'Essay' ਸ਼ਬਦ ਦਾ ਅਨੁਵਾਦ ਮਾਤਰ ਹੈ। ਅੰਗਰੇਜ਼ੀ ਦਾ 'Essay' ਸ਼ਬਦ ਫਰਾਂਸੀਸੀ 'Essaie' ਤੋਂ ਬਣਿਆ ਹੈ ਅਤੇ ਇਸ ਦੇ ਅਰਥ ਹਨ to attempt ਭਾਵ ਯਤਨ ਕਰਨਾ। ਨਿਬੰਧ ਸ਼ਬਦ ਦਾ ਅੱਖਰੀ ਅਰਥ ਹੈ ; ਬੰਨ੍ਹਣਾ ਜਾਂ ਰੋਕਣਾ। ਨਿਬੰਧ ਵਿਚ ਨਿਬੰਧਕਾਰ ਆਪਣੇ ਭਾਵਾਂ ਦੀ ਵੇਗ ਧਾਰਾ ਸੁਭਾਵਕ ਰੂਪ ਵਿਚ ਕਿਸੇ ਇਕ ਵਿਸ਼ੇ ਤੇ ਕੇਂਦਰਿਤ ਕਰਕੇ ਪਾਠਕਾਂ ਦੇ ਸਾਹਮਣੇ ਸਪੱਸ਼ਟ ਕਰਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਲੇਖ ਕਿਸੇ ਵਿਅਕਤੀ ਦੇ ਖਿਆਲਾਂ ਦਾ ਸਿਲਸਿਲੇਵਾਰ ਬਿਆਨ ਹੈ।

ਅਸਲ ਵਿਚ ਨਿਬੰਧ ਇੱਧਰ-ਉੱਧਰ ਖਿੰਡੇ ਵਿਚਾਰਾਂ ਅਤੇ ਮਾਨਸਿਕ ਪ੍ਰਤਿਕਰਮਾਂ, ਭਾਵਨਾਵਾਂ ਦਾ ਸ਼ੁੱਧ ਤੇ ਸੁਚੇਤ ਰੂਪ ਵਿਚ, ਕਿਸੇ ਵਿਚਾਰ ਵਿਸ਼ੇਸ਼ ਨੂੰ ਲੈ ਕੇ ਪ੍ਰਗਟ ਕੀਤਾ ਗਿਆ ਸਾਹਿਤ ਦਾ ਇਕ ਖਾਸ ਰੂਪ ਹੈ, ਸਾਹਿਤ ਦਾ ਇਕ ਰੂਪ ਗੰਭੀਰ ਹੈ। ਕੋਈ ਵੀ ਵਿਚਾਰ ਹੋ ਸਕਦਾ ਹੈ ਅਤੇ ਇਸ ਕਾਰਣ ਨਿਬੰਧ ਦੇ ਵਿਸ਼ੇ ਦੀ ਕੋਈ ਸੀਮਾ ਰੇਖਾ ਨਹੀਂ ਹੈ। ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਸਮਝ ਲਈਏ ਕਿ ਨਿਬੰਧ ਦਾ ਵਿਸ਼ਾ ਇਨਸਾਨ ਦੀ ਸੋਚਣ ਉਡਾਰੀ ਥੱਲੇ ਆਈ ਕੋਈ ਵੀ ਚੀਜ਼ ਹੋ ਸਕਦੀ ਹੈ। ਕਿਸੇ ਵੀ ਸਮੱਸਿਆ ਨੂੰ ਲੈ ਕੇ ਨਿਬੰਧ ਲਿਖਿਆ ਜਾ ਸਕਦਾ ਹੈ ਕਿਉਂਕਿ ਵਾਸਤਵ ਵਿਚ ਨਿਬੰਧਕਾਰ ਦਾ ਮੁੱਖ ਮੰਤਵ ਤਾਂ ਨਿਬੰਧ ਦੇ ਰੂਪ ਵਿਚ ਆਪਣੀ ਆਤਮਾ ਦੀ ਝਲਕ ਪੇਸ਼ ਕਰਨਾ ਹੁੰਦਾ ਹੈ।

ਉਪਰ ਲਿਖੀ ਪਰਿਭਾਸ਼ਾ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨਿਬੰਧ ਵਿਚ ਨਿਬੰਧਕਾਰ ਜਾਂ ਲੇਖਕ ਦੀ ਆਪਦੀ ਸਖਸੀਅਤ ਦੀ ਛਾਪ ਹੁੰਦੀ ਹੈ। ਇਸ ਦਾ ਭਾਵ ਇਹ ਹੈ ਕਿ ਜਿਤਨਾ ਕੋਈ ਵਿਅਕਤੀ ਅਮੀਰ ਸ਼ਖਸੀਅਤ ਦਾ ਮਾਲਕ ਹੋਵੇਗਾ ਉਤਨਾ ਹੀ ਚੰਗਾ ਨਿਬੰਧਕਾਰ ਹੋਵੇਗਾ। ਇਸ ਲਈ ਹਰ ਵਿਅਕਤੀ ਅਤੇ ਵਿਦਿਆਰਥੀ ਨੂੰ ਹਰੇਕ ਵਿਸ਼ੇ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਜਾਣਕਾਰੀ ਅਖ਼ਬਾਰਾਂ, ਰਸਾਲੇ ਅਤੇ ਆਮ ਵਾਕਫੀਅਤ ਦੀਆਂ ਪੁਸਤਕਾ ਆਦਿ ਪੜ੍ਹਨ, ਵਿਦਵਾਨਾਂ ਦੇ ਭਾਸ਼ਨ ਸੁਣਨ ਅਤੇ ਵਿਚਾਰ ਵਟਾਂਦਰਿਆਂ ਵਿਚ ਭਾਗ ਲੈਣ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਹਰੇਕ ਨਵੇਂ ਖਿਆਲ ਜਾਂ ਵਿਚਾਰ ਨੂੰ ਚੰਗੀ ਤਰ੍ਹਾਂ ਘੋਖ ਕੇ ਪੇਸ਼ ਕਰਨਾ ਚਾਹੀਦਾ ਹੈ। ਦੂਜੇ ਵਿਦਵਾਨਾਂ ਦੇ ਖਿਆਲ ਦੀ ਆਪਣੀਆਂ ਟਿੱਪਣੀਆਂ ਸਾਹਿਤ ਪੇਸ਼ ਕੀਤੇ ਜਾ ਸਕਦੇ ਹਨ। ਲੇਖ ਵਿਚ ਇਕ ਪ੍ਰਭਾਵਸ਼ਾਲੀ ਸ਼ਖਸੀਅਤ ਉਜਾਰਗ ਹੋਣੀ ਚਾਹੀਦੀ ਹੈ।

**ਚੰਗਾ ਲੇਖ ਕਿਵੇਂ ਲਿਖਣਾ ਹੈ ? :–** ਦੂਜੇ ਸ਼ਬਦਾਂ ਵਿਚ ਇਉਂ ਕਹਿ ਲਈਏ ਕਿ ਚੰਗੇ ਨਿਬੰਧ ਦੀ ਵਿਉਂਤ ਬਨਾਉਣ ਲੱਗਿਆਂ ਕਿਹੜੀਆਂ-ਕਿਹੜੀਆਂ ਗੱਲਾਂ ਧਿਆਨ ਵਿਚ ਰੱਖਣਾ ਹੈ? ਇਸ ਪ੍ਰਸ਼ਨ ਦਾ ਸੰਬੰਧ ਲੇਖ ਦੀ ਤਕਨੀਕ ਨਾਲ ਹੈ। ਨਿਬੰਧ ਜਾਂ ਲੇਖ ਲਿਖਣ ਸੰਬੰਧੀ ਕੋਈ ਵਿਧਾਨ, ਨਿਯਮ ਜਾਂ ਵਿਉਂਤ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਨਿਬੰਧ, ਸਾਹਿਤ ਦਾ ਇਕ ਸੁਤੰਤਰ ਅੰਗ ਹੈ ਅਤੇ ਇਸ ਨੂੰ ਵਿਸ਼ੇਸ਼ ਨਿਯਮਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ, ਪਰੰਤੂ ਵਿਦਿਆਰਥੀਆਂ ਲਈ ਅਸੀਂ ਕਲਾਤਮਕ ਨਿਬੰਧ ਲਿਖਣ ਬਾਰੇ ਕੁਝ ਗੱਲਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦੇ ਹਾਂ।

## ਨਿਬੰਧ ਲਈ ਵਿਸ਼ੇ ਦੀ ਚੋਣ :–

ਪਰੀਖਿਆ ਵਿਚ ਕੁਝ ਦਿੱਤੇ ਵਿਸ਼ਿਆਂ ਵਿਚੋਂ ਕੇਵਲ ਇਕ ਉਤੇ ਲੇਖ ਲਿਖਣਾ ਪੈਂਦਾ ਹੈ, ਇਸ ਲਈ ਬੜੀ ਸਾਵਧਾਨੀ ਨਾਲ ਵਿਸ਼ੇ ਦੀ ਚੋਣ ਕਰਨੀ ਚਾਹੀਦੀ ਹੈ। ਕੇਵਲ ਉਸ ਵਿਸ਼ੇ ਨੂੰ ਹੀ ਚੁਣਨਾ ਚਾਹੀਦਾ ਹੈ ਜਿਸ ਬਾਰੇ ਵਿਦਿਆਰਥੀ ਵੱਧ ਤੋਂ ਵੱਧ ਵਾਕਫ਼ੀ ਰੱਖਦਾ ਹੋਵੇ। ਦੂਜੀ ਗੱਲ ਇਹ ਹੈ ਕਿ ਵਿਦਿਆਰਥੀ ਚੁਣੇ ਗਏ ਵਿਸ਼ੇ ਬਾਰੇ ਆਪ ਸਪੱਸ਼ਟ ਹੋਵੇ। ਇਕ ਵਾਰੀ ਚੋਣ ਕਰਨ ਤੋਂ ਬਾਅਦ ਉਸ ਤੇ ਦ੍ਰਿੜ ਰਹਿਣਾ ਚਾਹੀਦਾ ਹੈ। ਇੱਧਰ-ਉੱਧਰ ਭਟਕਣਾ ਨਹੀਂ ਚਾਹੀਦਾ। ਵਿਸ਼ੇ ਦੀ ਚੋਣ ਤੋਂ ਬਾਅਦ ਵਿਦਿਆਰਥੀ ਇਕ ਕੱਚਾ ਖਾਕਾ ਜਾਂ ਰੂਪ ਰੇਖਾ ਆਪਣੇ ਮਨ ਵਿਚ ਤਿਆਰ ਕਰ ਲੈਣੀ ਚਾਹੀਦੀ ਹੈ। ਲੇਖ ਬਿਨਾਂ ਸੋਚੇ ਸਮਝੇ ਕਦੇ ਵੀ ਆਰੰਭ ਨਹੀਂ ਕਰਨਾ ਚਾਹੀਦਾ। ਪਰੀਖਿਆ ਵਿਚ ਲੇਖ ਘੱਟੋ ਘੱਟ ਅੱਠ ਦਸ ਪੰਨਿਆਂ ਦਾ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਵਿਚ ਤੁਹਾਡਾ ਸੰਬੰਧਿਤ ਵਿਸ਼ਾ ਪੂਰੀ ਤਰ੍ਹਾਂ ਸਮਾਅ ਸਕਦਾ ਹੋਵੇ। ਕਾਹਲ ਕਹਨ ਨਾਲ ਕਈ ਵਾਰੀ ਵਿਦਿਆਰਥੀ ਦੋ ਤਿੰਨ ਪੰਨੇ ਲਿਖਣ ਮਗਰੋਂ ਹੀ ਸਮੱਗਰੀ ਦੀ ਘਾਟ ਮਹਿਸੂਸ ਕਰਨ ਲੱਗ ਪੈਂਦਾ ਹੈ ਅਤੇ ਇਵੇਂ ਪਰੀਖਿਕ ਉੱਤੇ ਬਹੁਤ ਹੀ ਭੈੜਾ ਪ੍ਰਭਾਵ ਪੈਂਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀ ਦਾ ਸਮਾਂ ਵੀ ਖਰਾਬ ਹੁੰਦਾ ਹੈ। ਇਸ ਲਈ ਤੁਹਾਨੂੰ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਲੇਖ ਲਿਖਣ ਤੋਂ ਪਹਿਲਾਂ ਉਸ ਦੀ ਰੂਪ-ਰੇਖਾ ਲਿਖਤੀ ਰੂਪ ਵਿਚ ਤਿਆਰ ਕਰ ਲਵੋ ਤਾਂ ਜੋ ਲੇਖ ਲਿਖਦੇ ਸਮੇਂ ਤੁਹਾਨੂੰ ਵਿਚਾਰਾਂ ਦੀ ਘਾਟ ਮਹਿਸੂਸ ਹੋਵੇ। ਇਹ ਵਿਧੀ ਅਪਨਾਉਣ ਨਾਲ ਚੰਗਾ ਲੇਖ ਲਿਖਿਆ ਜਾ ਸਕਦਾ ਹੈ ਤੇ ਇਸ ਤਰ੍ਹਾਂ ਇਮਤਿਹਾਨ ਵਿਚ ਚੰਗੇ ਨੰਬਰ ਪ੍ਰਾਪਤ ਕੀਤੇ ਜਾ ਸਕਦੇ ਹਨ।

## ਲੇਖ ਦਾ ਆਰੰਭ :–

ਵਿਦਿਆਰਥੀ ਕਈ ਵਾਰੀ ਇਹ ਫੈਸਲਾ ਨਹੀਂ ਕਰ ਸਕਦਾ ਹੈ ਕਿ ਉਹ ਲੇਖ ਦਾ ਆਰੰਭ ਕਿਵੇਂ ਕਰੇ ? ਵਿਸ਼ੇ ਦੀ ਚੋਣ ਮਗਰੋਂ ਲੇਖ ਦੇ ਸਿਰਲੇਖ ਬਾਰੇ ਕਈ ਵਾਰ ਜਾਣਕਾਰੀ ਦੇਣੀ ਜਾਂ ਵਿਆਖਿਆ ਕਰਨੀ ਜ਼ਰੂਰੀ ਹੁੰਦੀ ਹੈ। ਮਿਸਾਲ ਵਜੋਂ ਜੇ 'ਸਹਿ-ਸਿੱਖਿਆ' ਉੱਤੇ ਲੇਖ ਲਿਖਣਾ ਆਵੇ ਤਾਂ ਆਰੰਭਿਕ ਵਾਕਾਂ ਵਿਚ 'ਸਹਿ-ਸਿੱਖਿਆ' ਦੇ ਅਰਥ ਦੱਸਣੇ ਵਧੇਰੇ ਉਚਿੱਤ ਹੋਣਗੇ ਕਿ 'ਸਹਿ' ਦਾ ਭਾਵ ਇੱਕਠੀ ਜਾਂ ਸਾਂਝੀ ਹੈ ਅਤੇ 'ਸਿੱਖਿਆ' ਦਾ ਭਾਵ ਵਿਦਿਆ ਹੈ ਅਤੇ ਇਸ ਤਰ੍ਹਾਂ ਸਿਰਲੇਖ ਦਾ

ਮੰਤਵ ਮੁੰਡੇ ਕੁੜੀਆਂ ਦੇ ਸਾਂਝੇ ਅਰਥਾਤ ਇਕੋ ਕਮਰੇ ਵਿਚ ਅਤੇ ਇਕੋ ਕਲਾਸ ਵਿਚ ਇਕੱਠੇ ਬੈਠ ਕੇ ਪੜ੍ਹਨਾ ਹੈ। ਇਸ ਤਰ੍ਹਾਂ ਇਸ ਦਾ ਵਾਸਤਾ ਵਿਸ਼ੇ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਨਾਲ ਹੈ। ਜੇ ਲੇਖ ਬੈਂਕਾਂ ਦੇ ਰਾਸ਼ਟਰੀਕਰਣ ਤੇ ਲਿਖਣ ਲਈ ਆਵੇ ਤਾਂ ਰਾਸ਼ਟਰੀਕਰਣ ਦਾ ਭਾਵ ਦੱਸਣਾ ਜ਼ਰੂਰੀ ਹੋਵੇਗਾ। ਕਿਸੇ ਲੇਖਕ ਜਾਂ ਦੇਸ਼ ਭਗਤ ਦੀ ਜੀਵਨੀ ਆਦਿ ਸੰਬੰਧੀ ਲੇਖ ਆਰੰਭ ਕਰਨ ਲੱਗੇ, ਪਹਿਲੇ ਵਾਕ ਬੜੇ ਰੌਚਕ ਅਤੇ ਗਿਆਨ ਪੂਰਣ ਹੋਣੇ ਚਾਹੀਦੇ ਹਨ, ਜਿਵੇਂ :-

(1) ਭਾਰਤ ਦੇ ਇਤਿਹਾਸ ਅਤੇ ਖਾਸ ਕਰਕੇ ਪੰਜਾਬ ਦੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਇਕ ਕ੍ਰਾਂਤੀਕਾਰੀ ਘਟਨਾ ਸੀ।

(2) ਪੰਜਾਬੀ ਕਿੱਸਾ ਕਾਵਿ ਦੇ ਬਾਦਸ਼ਾਹ ਵਾਰਿਸ ਸ਼ਾਹ ਦੇ ਜਨਮ ਦੀ ਤਾਰੀਖ ਬਾਰੇ ਸਾਡੇ ਵਿਦਵਾਨ ਅਤੇ ਆਲੋਚਕ ਕਿਸੇ ਅੰਤਮ ਨਿਰਣੇ ਤੇ ਨਹੀਂ ਪੁੱਜ ਸਕੇ।

ਪਰ ਕਈ ਵਾਰੀ ਵੇਖਿਆ ਗਿਆ ਹੈ ਕਿ ਵਿਦਿਆਰਥੀ ਲੇਖ ਦੇ ਆਰੰਭ ਵਿਚ ਬਿਨਾਂ ਸੋਚੇ ਸਮਝੇ ਹੀ ਗਲਤ ਤੇ ਹਾਸੋਹੀਣੀਆਂ ਚੀਜ਼ਾਂ ਲਿਖ ਦਿੰਦੇ ਹਨ, ਉਦਾਹਰਣ ਵਜੋਂ ਇਕ ਵਾਰੀ ਇਕ ਵਿਦਿਆਰਥੀ ਨੇ ਵਾਰਿਸ਼ ਸ਼ਾਹ ਉਤੇ ਲਿਖੇ ਲੇਖ ਦਾ ਆਰੰਭ ਨਿਮਨ ਪ੍ਰਕਾਰ ਕੀਤਾ :-

ਚੰਗਾ ਹੁੰਦਾ ਕਿ ਵਾਰਿਸ਼ ਸ਼ਾਹ ਆਪਣੀਆਂ ਜਨਮ ਮਰਨ ਦੀਆਂ ਤਾਰੀਖਾਂ ਆਪਣੇ ਆਪ ਹੀ ਆਪਣੇ ਕਿੱਸੇ ਵਿਚ ਲਿੱਖ ਜਾਂਦਾ ਹੈ।

ਜਨਮ ਦੀ ਤਾਰੀਖ ਤਾਂ ਲਿਖੀ ਵੀ ਜਾ ਸਕਦੀ ਹੈ, ਪਰ ਮਰਨ ਦੀ ਤਾਰੀਖ ਕਿਵੇਂ ਲਿਖੀ ਜਾ ਸਕਦੀ ਹੈ?

ਸੋ, ਇਸ ਤਰ੍ਹਾਂ ਦੀਆਂ ਹਾਸੋ-ਹੀਣੀਆਂ ਗੱਲਾਂ ਲਿਖਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਹਰੇਕ ਵਿਦਿਆਰਥੀ ਨੂੰ ਆਪਣੇ-ਆਪਣੇ ਢੰਗ ਨਾਲ ਆਪਣੇ ਵਿਚਾਰਾਂ ਜਾਂ ਮੱਤ ਦਾ ਨਿਰੂਪਣ ਕਰਨ ਦਾ ਅਧਿਕਾਰ ਹੈ ਕਿਉਂਕਿ ਹਰਕੇ ਵਿਦਿਆਰਥੀ ਦੀ ਵਿਚਾਰਧਾਰਾ ਅਤੇ ਚਿੰਤਨ ਪ੍ਰਣਾਲੀ ਵੱਖ ਵੱਖ ਹੁੰਦੀ ਹੈ। ਹਰ ਕੋਈ ਆਪਣੇ ਹੀ ਦ੍ਰਿਸ਼ਟੀਕੋਣ ਤੋਂ ਜੀਵਨ ਦੀਆਂ ਸਮੱਸਿਆਵਾਂ ਵੱਲ ਝਾਤ ਮਾਰਦਾ ਹੈ ਅਤੇ ਆਪਣਾ ਨੁਕਤਾ ਨਿਗਾਹ (ਦ੍ਰਿਸ਼ਟੀਕੋਣ) ਦੇਸ਼ ਕਰਦਾ ਹੈ। ਪਰੰਤੂ ਲੋੜ ਇਸ ਗੱਲ ਦੀ ਹੈ ਕਿ ਵਿਦਿਆਰਥੀ ਕੋਈ ਗਲਤ ਬਿਆਨੀ ਨਾ ਕਰੇ ਅਤੇ ਭੂਮਿਕਾ ਦੇ ਰੂਪ ਵਿਚ ਵਿਸ਼ੇ ਸੰਬੰਧੀ ਸੰਖੇਪ ਰੂਪ ਵਿਚ ਜਾਣਕਾਰੀ ਦੇਵੇ। ਲੇਖ ਦੀ ਸੀਮਾ ਵੀ ਨਿਸ਼ਚਿਤ ਕਰ ਲੈਣੀ ਚਾਹੀਦੀ ਹੈ। ਇਹ ਗੱਲ ਹੇਠ ਲਿਖੇ ਉਦਾਹਰਣ ਤੋਂ ਹੋਰ ਸਪੱਸ਼ਟ ਹੋ ਜਾਵੇਗੀ।

ਫਰਜ਼ ਕਰੋ ਕਿ ਬੇਰੋਜ਼ਗਾਰੀ ਤੇ ਲੇਖ ਲਿਖਣਾ ਹੈ ਤਾਂ ਸਭ ਤੋਂ ਪਹਿਲਾਂ ਇਕ ਦੋ ਵਾਕਾਂ ਵਿਚ ਇਹ ਦੱਸਣਾ ਪਵੇਗਾ ਕਿ ਬੇਰੋਜ਼ਗਾਰੀ ਕੀ ਹੈ? ਅਤੇ ਫਿਰ ਸਾਨੂੰ ਬੇਰੁਜ਼ਗਾਰੀ ਦੀਆਂ ਕਿਸਮਾਂ ਵੱਲ ਵੀ ਸੰਕੇਤ ਕਰਨਾ ਪਵੇਗਾ ਜਿਵੇਂ :-

(ੳ) ਪੂਰਣ ਬੇਰੋਜ਼ਗਾਰੀ ਅਤੇ

(ਅ) ਅਲਪ ਬੇਰੋਜ਼ਗਾਰੀ।

ਫਿਰ ਸਾਨੂੰ ਆਪਣੇ ਲੇਖ ਵਿਚ ਸਮੱਸਿਆ ਦੇ ਉਨ੍ਹਾਂ ਵਿਸ਼ੇਸ਼ ਪੱਖਾਂ ਵੱਲ ਸੰਕੇਤ ਕਰਨਾ ਪਵੇਗਾ ਜਿਸ ਸਬੰਧੀ ਅੱਗੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਕਈ ਵਾਰ ਅਸੀਂ ਪਹਿਲੇ ਵਾਕ ਵਿਚ ਆਪਣੀ ਵਿਸ਼ੇ ਦੀ ਸੀਮਾ ਦਾ ਉਲੇਖ ਕਰ ਦਿੰਦੇ ਹਾਂ, ਜਿਵੇਂ :-

ਗੁਰੂ ਗੋਬਿੰਦ ਸਿੰਘ ਸਿੱਖ ਰਮ ਦੇ ਦਸਵੇਂ ਗੁਰੂ, ਉੱਚ ਕੋਟੀ ਦੇ ਵਿਦਵਾਨ, ਬਹਾਦਰ ਸੈਨਾਪਤੀ, ਨਿਪੁੰਨ ਨੀਤੀਵਾਨ ਅਤੇ ਉੱਚੀ ਰਹਿਣੀ-ਬਹਿਣੀ ਵਾਲੇ ਮਹਾਂਪੁਰਖ ਤੋਂ ਛੁੱਟ ਇਕ ਪ੍ਰਭਾਵਸ਼ਾਲੀ ਸਾਹਿਤਕਾਰ ਵੀ ਸਨ। ਪਰ ਇੱਥੇ ਅਸੀਂ ਕੇਵਲ ਗੁਰੂ ਸਾਹਿਬ ਦੀ ਸਾਹਿਤਿਕ ਦੇਣ ਤੇ ਹੀ ਵਿਚਾਰ ਕਰਾਂਗੇ।

ਇਸੇ ਤਰ੍ਹਾਂ ਜੇ ਗੁਰਬਾਣੀ ਆਦਿ ਦੀ ਕਿਸੇ ਤੁਕ ਉੱਤੇ ਲੇਖ ਲਿਖਣਾ ਹੋਵੇ ਤਾਂ ਆਰੰਭ ਵਿਚ ਹੀ ਉਸ ਤੁਕ ਜਾਂ ਟੂਕ ਦੀ ਵਿਆਖਿਆ ਕਰ ਦੇਣੀ ਚਾਹੀਦੀ ਹੈ, ਜਿਵੇਂ 'ਸਾਚੀ ਲਿਵ ਬਿਨ ਦੇਹੁ ਨਿਮਾਣੀ' ਲੇਖ ਦੇ ਸ਼ੁਰੂ ਵਿਚ ਹੀ ਦੱਸਣਾ ਪਵੇਗਾ ਕਿ ਇਸ ਕਥਨ ਦਾ ਭਾਵ ਹੈ ਕਿ ਸੱਚੀ ਪ੍ਰੀਤ, ਅਰਥਾਤ ਪ੍ਰਭੂ ਸਿਮਰਨ ਤੋਂ ਬਿਨਾਂ ਇਸ ਮਨੁੱਖੀ ਸਰੀਰ ਦਾ ਕੋਈ ਮੁੱਲ ਜਾਂ ਮਹੱਤਵ ਨਹੀਂ ਹੈ।

## ਵਿਸ਼ੇ ਸੰਬੰਧੀ ਵਿਚਾਰ :-

ਭੂਮਿਕਾ ਤੋਂ ਮਗਰੋਂ ਲੇਖ ਦੇ ਦੂਜਾ ਭਾਗ ਵਿਚ ਵੀ ਵਿਸ਼ੇ ਦੀ ਵਿਆਖਿਆ ਕਰਨੀ ਅਤੇ ਇਸ ਦੇ ਹਰ ਪਹਿਲੂ ਤੇ ਵਿਚਾਰ ਕਰਨੀ ਹੁੰਦੀ ਹੈ। ਇਹ ਲੇਖ ਦਾ ਪ੍ਰਮੁੱਖ ਅੰਗ (ਭਾਗ) ਹੈ, ਇਸ ਭਾਗ ਵਿਚ ਵਿਦਿਆਰਥੀ ਨੂੰ ਵਿਸ਼ੇ ਦਾ ਵਿਸ਼ਲੇਸ਼ਣ ਕਰਕੇ ਸਮੁੱਚੇ ਰੂਪ ਵਿਚ ਪੂਰਣ ਜਾਣਕਾਰੀ ਦੇਣੀ ਚਾਹੀਦੀ ਹੈ। ਇਹ ਭਾਗ ਸੂਚਨਾ ਅਤੇ ਵਿਸ਼ਲੇਸ਼ਣ ਵਾਲਾ ਹੁੰਦਾ ਹੈ। ਲੇਖ ਅਨੁਸਾਰ ਉਸ ਦੇ ਵੱਖ ਵੱਖ ਪਹਿਲੂਆਂ ਉਤੇ ਝਾਤ ਮਾਰਨੀ ਚਾਹੀਦੀ ਹੈ। ਵਿਸ਼ੇ ਬਾਰੇ ਬਾਰੀਕੀ ਨਾਲ ਸੋਚਣਾ ਚਾਹੀਦਾ ਹੈ। ਹਰੇਕ ਵਿਚਾਰ, ਸਮੱਸਿਆ ਤੇ ਪ੍ਰਮਾਣ ਨੂੰ ਵੱਖ ਵੱਖ ਪੈਰ੍ਹਿਆਂ ਵਿਚ ਪੇਸ਼ ਕਰਨਾ ਹੀ ਠੀਕ ਹੁੰਦਾ ਹੈ। ਅਜਿਹਾ ਕਰਨ ਲਈ ਬਾਰੀਕ ਨੀਝ ਦੇ ਨਾਲ ਆਮ ਵਾਕਫੀਅਤ ਦਾ ਹੋਣਾ ਬਹੁਤ ਜ਼ਰੂਰੀ ਹੈ।

ਇਸ ਤਰ੍ਹਾਂ ਜੇ ਅਸੀਂ ਨਸ਼ਾਬੰਦੀ ਤੇ ਲੇਖ ਲਿਖਣਾ ਹੋਵੇ ਤਾਂ ਸਾਰਾ ਜ਼ੋਰ ਸ਼ਰਾਬ ਦੀ ਵਰਤੋਂ ਅਤੇ ਇਸ ਦਾ ਮਾਰੂ ਪ੍ਰਭਾਵ ਦੱਸਣ ਤੇ ਹੀ ਨਹੀਂ ਲਾ ਦੇਵਾਂਗੇ ਸਗੋਂ ਬਾਕੀ ਨਸ਼ਿਆਂ ਜਿਵੇਂ ਅਫੀਮ, ਪੋਸਤ, ਭੰਗ, ਸਿਗਰਟ, ਗਾਂਜਾ, ਚਾਹ ਆਦਿ ਦੇ ਬਾਰੇ ਵੀ ਜ਼ਿਕਰ ਕਰਾਂਗੇ।

ਕਈ ਵਿਦਵਾਨ ਇਸ ਦੇ ਹੱਕ ਵਿਚ ਹਨ ਕਿ ਹਰ ਪੈਰ੍ਹੇ ਵਿਚ ਨਵਾਂ ਬਿਆਨ ਆਰੰਭ ਕਰਨ ਦੇ ਨਾਲ ਹਰੇਕ ਪੈਰ੍ਹੇ ਦਾ ਆਰੰਭਿਕ ਵਾਕ ਵੀ ਇਕ ਤਰ੍ਹਾਂ ਨਾਲ ਸੰਬੰਧਿਤ ਪੈਰ੍ਹੇ ਦਾ ਨਿਚੋੜ ਹੋਵੇ, ਜਿਵੇਂ :-

(ੳ) ਸ਼ਰਾਬ ਦਾ ਨਸ਼ਾ ਸਾਡੇ ਧਰਮ, ਕਰਮ, ਸ਼ਰਮ, ਮਾਣ ਅਤੇ ਪੇਸੇ ਆਦਿ ਨਸ਼ਟ ਕਰਨ ਤੋਂ ਛੁੱਟ ਸਾਡੀ ਸਿਹਤ ਤੇ ਵੀ ਬਹੁਤ ਭੈੜਾ ਅਸਰ ਪਾਉਂਦਾ ਹੈ।

(ਅ) ਭੰਗ ਦਾ ਨਸ਼ਾ ਸਰੀਰ ਸੁਸਤ ਤੇ ਨਿਕੰਮਾ ਬਣਾਉਣ ਤੋਂ ਇਲਾਵਾ ਸਾਡੀ ਮਾਨਸਿਕ ਸ਼ਕਤੀ ਨੂੰ ਵੀ ਹੜੱਪ ਕਰ ਜਾਂਦਾ ਹੈ।

(ੲ) ਸਿਗਰਟ ਦੀ ਵਰਤੋਂ ਤਾਂ ਇਕ ਪ੍ਰਕਾਰ ਦੀ ਕੈਂਸਰ ਦੇ ਰੋਗ ਜੀ ਆਇਆਂ ਕਹਿਣ ਵਾਲੀ ਗੱਲ ਹੈ।

(ਸ) ਚਾਹ ਦਾ ਨਸ਼ਾ ਭਾਵੇਂ ਹਲਕਾ ਹੈ, ਪਰੰਤੂ ਇਸ ਨੇ ਸਾਰੀ ਕੌਮ ਆਪਣੀ ਲਪੇਟ ਵਿਚ ਲੈ ਲਿਆ ਹੈ।

ਇਸ ਤਰ੍ਹਾਂ ਆਪਣੇ ਵਿਚਾਰ ਜਾਂ ਦਲੀਲਾਂ ਦੀ ਪੁਸ਼ਟੀ ਵਿਚ ਅੰਕੜੇ (Figures) ਇਤਿਹਾਸਕ ਹਵਾਲੇ, ਪ੍ਰਮਾਣ ਅਤੇ ਪ੍ਰਮੁੱਖ ਲੇਖਕਾਂ ਅਤੇ ਵਿਦਵਾਨਾਂ ਦੇ ਵਿਚਾਰ ਆਦਿ ਲੈਣੇ ਚਾਹੀਦੇ ਹਨ। ਉਨ੍ਹਾਂ ਦੇ ਵਿਚਾਰਾਂ ਦਾ ਖੰਡਨ ਕਰਨ ਸਮੇਂ ਤਾਂ ਬਹੁਤ ਹੀ ਜ਼ੋਰਦਾਰ ਦਲੀਲਾਂ ਅਤੇ ਪ੍ਰਮਾਣਾਂ ਦੀ ਲੋੜ ਹੁੰਦੀ ਹੈ। ਫਰਜ਼ ਕਰੋ ਕਿ ਅਸੀਂ ਪਰਿਵਾਰ ਨਿਯੋਜਨ ਸਬੰਧੀ ਲੇਖ ਲਿਖਣਾ ਹੋਵੇ ਤਾਂ ਪਰਿਵਾਰ ਨਿਯੋਜਨ ਦਾ ਮੰਤਵ ਅਤੇ ਇਸ ਦੀ ਲੋੜ ਦੱਸਣ ਲਈ ਭਾਰਤ ਦੀ ਜਨ-ਸੰਖਿਆ ਅਤੇ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ ਵਿਚ ਪੈਦਾ ਹੋਣ ਵਾਲੇ ਅੰਨ, ਦੁੱਧ, ਘਿਉ, ਕੱਪੜੇ ਆਦਿ ਦੀ ਮਾਤਰਾ ਦੀ ਪ੍ਰਤੀ ਸਾਲਾਨਾ ਰਾਸ਼ਟਰੀ ਆਮਦਨ ਸੰਬੰਧੀ ਕੁਝ ਪ੍ਰਮਾਣਿਕ ਅੰਕੜੇ ਦੇਣੇ ਹੋਣਗੇ। ਫਿਰ ਸਾਨੂੰ ਦੱਸਣਾ ਪਵੇਗਾ ਕਿ ਕਿਹੜੇ-ਕਿਹੜੇ ਸਾਧਨਾਂ ਰਾਹੀਂ ਪਰਿਵਾਰ ਨਿਯੋਜਨ ਦੀ ਯੋਜਨਾ ਸਿਰੇ ਚੜ੍ਹ ਸਕਦੀ ਹੈ, ਕਿ ਸਾਡੇ ਲਈ ਧਰਮ ਜਾਂ ਗਾਂਧੀ ਜੀ ਤੇ ਵਿਨੋਬਾ ਭਾਵੇਂ ਦੁਆਰਾ ਦੱਸੇ ਗਏ ਸੰਜਮ ਮਾਰਗ ਨੂੰ ਅਪਨਾਉਣਾ ਠੀਕ ਹੈ ਜਾਂ ਆਧੁਨਿਕ ਸਰਜਰੀ ਤੇ ਡਾਕਟਰੀ ਸਹੂਲਤਾ ਦਾ ਲਾਭ ਪ੍ਰਾਪਤ ਕਰਨਾ ਵਧੇਰੇ ਉਚਿਤ ਹੈ? ਇਸ ਤਰ੍ਹਾਂ ਦੇ ਪ੍ਰਸ਼ਨਾਂ ਸਬੰਧੀ ਵੇਰਵੇ ਨਾਲ ਬੌਧਿਕ ਪੱਧਰ ਤੇ ਵਿਚਾਰ ਕਰਨੀ ਪਵੇਗੀ। ਭਾਵੇਂ ਕਿਸਮਤ ਦੇ ਹਾਮੀ ਹੋਵੋਂ ਪਰੰਤੂ ਅਸਲ ਗੱਲ ਤਾਂ ਤੁਹਾਡੇ ਵੱਲੋਂ ਪੇਸ਼ ਕੀਤੇ ਗਏ ਅੰਕੜਿਆਂ,

ਦਲੀਲਾਂ, ਵਿਚਾਰਾਂ ਦੀ ਤਰਤੀਬ ਅਤੇ ਡੂੰਘਾਈ ਉਤੇ ਨਿਰਭਰ ਕਰਦੀ ਹੈ। ਵੇਖਣਾ ਤਾਂ ਇਹ ਹੈ ਕਿ ਤੁਸੀਂ ਆਪਣੇ ਵਿਚਾਰਾਂ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ ਹੋ।

ਵਿਦਿਆਰਥੀਆਂ ਜਾਂ ਨਿਬੰਧਕਾਰ ਦੇ ਆਪਣੇ ਵਿਚਾਰ ਬਿਲਕੁਲ ਸਪੱਸ਼ਟ ਹੋਣੇ ਚਾਹੀਦੇ ਹਨ; ਨਹੀਂ ਤਾਂ ਲੇਖ ਵਿਚ ਕੋਈ ਗੋਲਾਈ ਜਾਂ ਇਕਸਾਰਤਾ ਨਹੀਂ ਆ ਸਕਦੀ। ਅਗਾਂਹਵਧੂ, ਵਿਗਿਆਨਕ ਅਤੇ ਪ੍ਰਗਤੀਸ਼ੀਲ ਵਿਚਾਰ ਪਾਠਕ ਤੇ ਪਰੀਖਕ ਦੇ ਮਨ ਉਤੇ ਛੇਤੀ ਪ੍ਰਭਾਵ ਪਾਉਂਦੇ ਹਨ ਪਰੰਤੂ ਸ਼ਰਤ ਇਹ ਹੈ ਕਿ ਉਹ ਤਰਤੀਬਵਾਰ, ਕਿਸੇ ਬੱਝਵੀਂ ਲੜੀ ਵਿਚ ਬਿਆਨ ਕੀਤੇ ਗਏ ਹੋਣ।

ਇਤਿਹਾਸਕ ਘਟਨਾ ਜਾਂ ਕਿਸੇ ਵਿਅਕਤੀ ਦੇ ਜੀਵਨ ਸੰਬੰਧੀ ਲੇਖ ਲਿਖਣ ਸਮੇਂ ਸਾਨੂੰ ਆਪਣੇ ਵਿਚਾਰ ਕਾਲ-ਕ੍ਰਮ ਅਨੁਸਾਰ ਪੇਸ਼ ਕਰਨੇ ਚਾਹੀਦੇ ਹਨ। ਮਿਸਾਲ ਵਜੋਂ ਜੇ ਅਸੀਂ ਮਹਾਤਮਾ ਗਾਂਧੀ ਜੀ ਦੇ ਜੀਵਨ ਸੰਬੰਧੀ ਲੇਖ ਲਿਖਣਾ ਹੋਵੇ ਤਾਂ ਸਾਨੂੰ ਉਸ ਦੇ ਜਨਮ ਦਿਨ ਜਨਮ ਸਥਾਨ, ਮਾਤਾ ਪਿਤਾ ਸੰਬੰਧੀ ਜਾਣਕਾਰੀ, ਸਕੂਲ/ਕਾਲਜ ਦੀ ਸਿਖਿਆ ਸੰਬੰਧੀ ਵੇਰਵਾ ਅਫ਼ਰੀਕਾ ਵਿਚ ਜਾ ਕੇ ਨਸਲੀ ਵਿਤਕਰਿਆਂ ਨੂੰ ਵੇਖਣ ਦੀ ਘਟਨਾ, ਵੱਖ ਵੱਖ ਮੌਕਿਆ ਤੇ ਜੇਲ੍ਹ ਜਾਣਾ, ਵਰਤ ਰਖਣੇ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੀਤੀਆਂ ਕੁਰਬਾਨੀਆਂ ਅਤੇ ਉਨ੍ਹਾਂ ਦੇ ਮੁੱਖ ਵਿਚਾਰਾਂ ਸਬੰਧੀ ਤਰਤੀਬਵਾਰ ਲਿਖਣਾ ਚਾਹੀਦਾ ਹੈ। ਜੇ ਕਿਸੇ ਕਵੀ ਜਾ ਸਾਹਿਤਕਾਰ ਬਾਰੇ ਕੇਵਲ ਉਸ ਦੀ ਸਾਹਿਤਕ ਦੇਣ ਬਾਰੇ ਲਿਖਣਾ ਹੋਵੇ ਤਾਂ ਅਸੀਂ ਉਸ ਦੀਆਂ ਕਵਿਤਾਵਾਂ ਅਤੇ ਰਚਨਾਵਾਂ ਦੇ ਸਾਹਿਤਿਕ ਗੁਣ, ਉਸ ਦੀਆਂ ਵਿਸ਼ੇਸ਼ ਰੁਚੀਆਂ ਅਤੇ ਪ੍ਰਤਿਭਾ, ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਦੇਵਾਂਗੇ। ਰਚਨਾਵਾਂ ਦੇ ਨਾਮ ਅਤੇ ਕਵਿਤਾ ਦੇ ਨਮੂਨੇ ਵੀ ਦੇਣੇ ਉਚਿਤ ਹੋਣਗੇ।

## ਨਿਬੰਧ ਦਾ ਅੰਤ ਜਾਂ ਸਮਾਪਤੀ

ਲੇਖ ਦੀ ਵੰਨਗੀ ਅਨੁਸਾਰ ਹੀ ਉਸ ਦਾ ਅੰਤ ਜਾਂ ਸਮਾਪਤੀ ਕੀਤੀ ਜਾਂਦੀ ਹੈ। ਕਿਸੇ ਪ੍ਰਮੁੱਖ ਵਿਅਕਤੀ ਦੇ ਜੀਵਨ ਸੰਬੰਧੀ ਕਿਸੇ ਲੇਖ ਦੀ ਸਮਾਪਤੀ, ਉਸ ਦੀ ਮੌਤ ਦੀ ਘਟਨਾ, ਦਿਨ ਅਤੇ ਕਾਰਣ ਆਦਿ ਦੱਸ ਕੇ ਕਰ ਦਿੱਤੀ ਜਾਂਦੀ ਹੈ। ਕਹੀ ਵਾਰੀ ਕਿਸੇ ਮਹਾਨ ਨੇਤਾ ਜਾਂ ਸੂਰਬੀਰ ਦੁਆਰਾ ਕੀਤੇ ਗਏ ਸਾਰੇ ਕੰਮਾਂ ਦਾ ਸਾਰਾਂਸ਼ ਦੇ ਕੇ ਅਤੇ ਉਸ ਦੇ ਜੀਵਨ ਆਦਰਸ਼ਾਂ ਵੱਲ ਸੰਕੇਤ ਕਰਕੇ ਲੇਖ ਨੂੰ ਸਮਾਪਤ ਕਰ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ ਡਾਕਟਰ ਜਾਕਿਰ ਹੁਸੈਨ ਬਾਰੇ ਲਿਖੇ ਲੇਖ ਦਾ ਅੰਤ ਅਸੀਂ ਇਵੇਂ ਹੀ ਕਰਦੇ ਹਾਂ ਕਿ ਮਾਨਵਤਾ ਦਾ ਪੁਜਾਰੀ, ਉੱਚ ਕੋਟੀ ਦਾ ਸਿੱਖਿਆ ਸ਼ਾਸਤਰੀ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਪ੍ਰਤੀਕ ਅਤੇ ਇਕ ਸੱਚਾ ਦੇਸ਼ ਸੇਵਕ ਦਿਲ ਦੀ ਹਰਕਤ ਰੁਕ ਜਾਣ ਕਾਰਣ 3 ਮਈ, 1969 ਸਾਨੂੰ ਸਦੀਵੀ ਵਿਛੋੜਾ ਦੇ ਗਿਆ।

ਸਮਾਜਕ ਅਤੇ ਆਰਥਕ ਲੇਖਾਂ ਵਿਚ ਆਮ ਤੌਰ ਤੇ ਪੰਜ-ਸਾਲਾਂ ਯੋਜਨਾਵਾਂ ਦਾ ਜਿਕਰ ਕਰਕੇ ਦਸਿਆ ਜਾਂਦਾ ਹੈ ਕਿ ਸਾਡੀ ਕੌਮੀ ਸਰਕਾਰ ਇਸ ਸੰਬੰਧੀ ਕੀ ਕਰ ਰਹੀ ਹੈ, ਵਿਦੇਸ਼ਾਂ ਵਿਚ ਇਸ ਤਰ੍ਹਾਂ ਦੀਆਂ ਖਾਸ ਸਮੱਸਿਆਵਾ ਕਿਵੇਂ ਹੱਲ ਕੀਤਾ ਜਾ ਰਿਹਾ ਹੈ ਅਤੇ ਉਹ ਢੰਗ ਕਿਉਂ ਨਹੀਂ ਆਪਣਾ ਸਕਦੇ? ਸਹਿ ਸਿੱਖਿਆ ਵਾਲੇ ਲੇਖ ਵਿਚ ਸਾਨੂੰ ਰੂਸ ਅਮਰੀਕਾ ਜਰਮਨੀ ਆਦਿ ਦੇਸ਼ਾਂ ਦੀ ਸਿੱਖਿਆ ਪ੍ਰਣਾਲੀ ਉਤੇ ਝਾਤ ਮਾਰਨੀ ਪਵੇਗੀ। ਫਿਰ ਸਾਨੂੰ ਵੱਖ ਵੱਖ ਦੇਸ਼ਾਂ ਦੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਆਪਸੀ ਅੰਤਰ ਦੱਸਣੇ ਪੈਣਗੇ ਅਤੇ ਅੰਤ ਵਿਚ ਆਪਣੀ ਰਾਹਿ ਦੇਣੀ ਪਵੇਗੀ ਕਿ ਕਿਸੇ ਖਾਸ ਦੇਸ਼ ਦੀ ਸਿੱਖਿਆ ਪ੍ਰਣਾਲੀ ਅਪਨਾਉਣ ਵਿਚ ਸਾਨੂੰ ਕੀ ਨੁਕਸਾਨ ਹੋ ਸਕਦਾ ਹੈ ਜਾਂ ਕਿਸੇ ਖਾਸ ਪ੍ਰਣਾਲੀ ਉਸ ਵਿਚ ਸੋਧ-ਸੁਧਾਈ ਕਰਕੇ ਲਾਭਦਾਇਕ ਢੰਗ ਨਾਲ ਕਿਵੇਂ ਅਪਨਾ ਸਕਦੇ ਹਾਂ।

ਲੇਖ ਸਮਾਪਤ ਕਰਨ ਸਮੇਂ ਵਿਦਿਆਰਥੀ ਕਈ ਵਾਰੀ ਕਾਫੀ ਸੁਝਾਅ ਵੀ ਦਿੰਦੇ ਹਨ, ਪਰੰਤੂ ਇਹ ਸੁਝਾਅ ਵਿਗਿਆਨਕ ਅਮਲੀ ਅਤੇ ਸਮਾਜਵਾਦੀ ਭਾਂਤ ਦੇ ਹੋਣੇ ਚਾਹੀਦੇ ਹਨ ਜਿਨ੍ਹਾਂ ਵਿਚ ਮਾਨਵ ਕਲਿਆਣ ਹੀ ਪ੍ਰਮੁੱਖ ਉਦੇਸ਼ ਹੋਵੇ।

## ਨਿਬੰਧ ਦੀ ਸ਼ੈਲੀ

ਹਰੇਕ ਆਦਮੀ ਦਾ ਆਪੋ ਆਪਣਾ ਹੀ ਲਿਖਣ ਦਾ ਢੰਗ ਹੁੰਦਾ ਹੈ। ਇਸ ਢੰਗ ਸਾਹਿਤਿਕ-ਜਗਤ ਵਿਚ ਲਿਖਣ-ਸ਼ੈਲੀ ਕਹਿੰਦੇ ਹਨ। ਚੰਗੇ ਲਿਖਾਰੀਆਂ ਦੀਆਂ ਰਚਨਾਵਾਂ ਤੇ ਪੁਸਤਕਾ ਪੜ੍ਹਨ ਅਤੇ ਲਿਖਣ ਦਾ ਅਭਿਆਸ ਕਰਨ ਨਾਲ ਸ਼ੈਲੀ ਵਿਚ ਨਿਖਾਰ ਆਉਂਦਾ ਹੈ। ਵਾਕ ਬਹੁਤ ਛੋਟੇ-ਛੋਟੇ ਅਤੇ ਭਾਵਪੂਰਤ ਹੋਣੇ ਚਾਹੀਦੇ ਹਨ। ਸ਼ਬਦ-ਜੋੜਾਂ ਵਿਚ ਇਕਸਾਰਤਾ ਹੋਣੀ ਜ਼ਰੂਰੀ ਹੈ। ਮਜ਼ਮੂਨ ਅਨੁਸਾਰ ਅਖਾਣ-ਮੁਹਾਵਰਿਆਂ, ਵਿਅੰਗ ਅਤੇ ਹਾਸ-ਰਸ ਆਦਿ ਦੀ ਵਰਤੋਂ ਕਾਰਗਰ ਸਾਬਤ ਹੋ ਸਕਦੀ ਹੈ। ਮੁੜ-ਮੁੜ ਇਕ ਤਰ੍ਹਾਂ ਦੇ ਵਾਕ ਜਾਂ ਸ਼ਬਦ ਵਰਤਣ ਨਾਲ ਸ਼ੈਲੀ ਵਿਚ ਫਿੱਕ ਪੈਦਾ ਹੁੰਦੀ ਹੈ। ਸ਼ੈਲੀ ਬੜੀ ਸਰਲ, ਸੁਖੈਨ ਤੇ ਮੌਕੇ ਅਨੁਸਾਰ ਹੋਣੀ ਚਾਹੀਦੀ ਹੈ। ਇਹਨਾਂ ਸਾਰੀਆਂ ਗੱਲਾਂ ਦੇ ਸੋਹਣੇ ਮੇਲ ਨਾਲ ਇਕ ਪ੍ਰਭਾਵਸ਼ਾਲੀ ਸ਼ੈਲੀ ਦਾ ਜਨਮ ਹੁੰਦਾ ਹੈ।

ਵਿਚਾਰ ਸੰਖੇਪ ਰੂਪ ਵਿਚ ਅਤੇ ਢੁੱਕਵੇਂ ਸ਼ਬਦਾਂ ਵਿਚ ਪੇਸ਼ ਕਰਨੇ ਚਾਹੀਦੇ ਹਨ। ਬਹੁਤ ਲੰਮੇ ਲੰਮੇ ਪ੍ਰਮਾਣਾਂ ਜਾਂ ਕਹਾਣੀਆਂ ਦਰਜ ਕਰਨ ਨਹੀਂ ਹੁੰਦੀ। ਕੇਵਲ ਉਨ੍ਹਾਂ ਕਹਾਣੀਆਂ ਅਤੇ ਕਥਾਵਾਂ ਵੱਲ ਸੰਕੇਤ ਕਰਨਾ ਚਾਹੀਦਾ ਹੈ ਜੋ ਬਹੁਤ ਹੀ ਲੋਕ ਪ੍ਰਿਆ ਹੋਣ।

ਲੇਖ ਵਿਚ ਪ੍ਰਚਾਰ ਕਰਨਾ ਜਾਂ ਭਾਸ਼ਣ ਦੇਣਾ ਗਲਤੀ ਹੈ। ਅਜਿਹਾ ਕਰਨ ਨਾਲ ਕਿਸੇ ਕਿਸਮ ਦੀ ਵਿਦਵਤਾ ਦਾ ਪ੍ਰਭਾਵ ਨਹੀਂ ਪੈਂਦਾ ਗੱਲ ਬੌਧਿਕ ਅਤੇ ਨਿਆਇਸ਼ੀਲ ਢੰਗ ਨਾਲ ਪੇਸ਼ ਕਰਨ ਨਾਲ ਲੇਖ ਦਾ ਸਾਹਿਤਿਕ ਮੁੱਲ ਵੱਧ ਜਾਂਦਾ ਹੈ। ਲੇਖ ਦੇ ਸਾਰੇ ਪੇਰ੍ਹੇ ਮੋਤੀਆਂ ਦੀ ਵਾਂਗ ਆਪਸ ਵਿਚ ਜੁੜੇ ਹੋਏ ਪ੍ਰਤੀਤ ਹੋਣ। ਸਮੁੱਚਾ ਲੇਖ ਇਕ ਸਿਲਸਿਲੇਵਾਰ ਲੜੀ ਵਿਚ ਪਰੋਤਾ ਹੋਵੇ, ਅਰਥਾਤ ਇਕ ਵਿਚਾਰ ਤੋਂ ਦੂਜਾ ਫੁੱਟੇ।

ਪ੍ਰੀਖਿਆ ਵਿਚ ਲੇਖ ਲਿਖਣ ਤੋਂ ਮਗਰੋਂ ਉਸ ਇਕ ਵਾਰ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ ਤਾਂ ਜੋ ਸ਼ਬਦਾਂ ਅਤੇ ਵਾਕਾਂ ਦੀਆਂ ਗਲਤੀਆਂ ਠੀਕ ਜਾਣ।

ਕਈ ਵਾਰ ਵੇਖਿਆ ਗਿਆ ਹੈ ਕਿ ਵਿਦਿਆਰਥੀਆਂ ਪਾਸ ਸਮੱਗਰੀ ਦੀ ਬਹੁਤ ਘਾਟ ਹੁੰਦੀ ਹੈ, ਪਰ ਉਹ ਆਪਣੀ ਸੁ ਲੇਖਣੀ ਜਾਂ ਸ਼ੈਲੀ ਕਾਰਣ ਪਰੀਖਿਆ ਵਿਚ ਬਹੁਤ ਚੰਗੇ ਨੰਬਰ ਲੈ ਜਾਂਦੇ ਹਨ। ਬੋਲੀ ਅਤੇ ਸ਼ਬਦਾਂ ਦੀ ਸੁਚੱਜੀ ਵਰਤੋਂ ਨਾ ਕਰਨ ਵਾਲੇ ਵਿਦਿਆਰਥੀ ਮੈਟਰ ਚੰਗਾ ਹੋਣ ਦੇ ਬਾਵਜੂਦ ਪਰੀਖਿਕ (Examiner) ਤੇ ਚੰਗਾ ਪ੍ਰਭਾਵ ਨਹੀਂ ਪਾ ਸਕਦੇ, ਸੋ ਸ਼ੈਲੀ ਦੀ ਬੜੀ ਮਹੱਤਵ ਹੈ। ਇਕ ਗੱਲ ਕਈ ਢੰਗਾਂ ਨਾਲ ਪ੍ਰਗਟਾਇਆ ਜਾ ਸਕਦਾ ਹੈ। ਇਸ ਕਥਨ ਹੋਰ ਸਪੱਸ਼ਟ ਕਰਨ ਲਈ ਅਸੀਂ ਇਕ ਉਦਾਹਰਣ ਦਿੰਦੇ ਹਾਂ।

ਫਰਜ ਕਰੋ ਕਿ ਵਿਦਿਆਰਥੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਲੇਖ ਲਿਖਣ ਲਈ ਕਿਹਾ ਜਾਂਦਾ ਹੈ ਅਤੇ ਵਿਦਿਆਰਥੀ ਛੇਵੇਂ ਗੁਰੂ ਸਾਹਿਬ ਜੀਵਨੀ ਬਾਰੇ ਬਹੁਤ ਘੱਟ ਗੱਲਾਂ ਦਾ ਗਿਆਨ ਹੈ। ਇਥੋਂ ਤਕ ਕਿ ਜਨਮ ਦਿਨ ਆਦਿ ਦਾ ਵੀ ਪੱਕਾ ਪਤਾ ਨਹੀਂ। ਉਹ ਆਪਣੀ ਇਸ ਕਮਜ਼ੋਰੀ ਦੀ ਸ਼ੈਲੀ ਦੀ ਸਹਾਇਤਾ ਨਾਲ ਛੁਪਾ ਸਕਦਾ ਹੈ। ਅਜਿਹਾ ਵਿਦਿਆਰਥੀ ਆਪਣਾ ਲੇਖ ਇਵੇਂ ਸ਼ੁਰੂ ਕਰੇਗਾ।

ਭਾਰਤ ਅਤੇ ਖਾਸ ਕਰਕੇ ਪੰਜਾਬ ਦੇ ਇਤਿਹਾਸ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਆਗਮਨ ਵਾਸਤਵ ਵਿਚ ਇਕ ਨਵੇਂ ਆਦਰਸ਼, ਦਰਸ਼ਨ ਅਤੇ ਨਵੀਂ ਜੀਵਨ-ਜਾਂਚ ਦਾ ਜਲਮ ਸੀ। ਇਸ ਤੋਂ ਪਹਿਲਾਂ ਸਿੱਖ ਧਰਮ ਦੀਆਂ ਪੰਜ ਅਮਰ ਜੋਤਾਂ ਅਰਥਾਤ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ ਨੇ ਭਗਤੀ, ਸੰਜਮ ਤੇ ਸ਼ਾਂਤਮਈ ਮਾਰਗ ਤੇ ਤੁਰਨ ਦਾ ਉਪਦੇਸ਼ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਤਾਂ ਸਮੇਂ ਦੀ ਜ਼ਾਲਮ ਮੁਗਲ ਹਕੂਮਤ ਦੇ ਅਨੇਕਾ ਅਕਹਿ ਕਸ਼ਟ ਖੁਸ਼ੀ ਖੁਸ਼ੀ ਝੱਲੇ ਸਨ। ਉਹ ਆਪਣੇ ਇਸ ਸ਼ਾਂਤਮਈ ਸਿਧਾਂਤ ਲਈ ਅਤੇ ਮਾਨਵਤਾ ਨੂੰ ਬਚਾਉਣ ਲਈ ਸ਼ਹੀਦ ਹੋ ਗਏ। ਉਸ ਸਮੇਂ 'ਮੀਰੀ ਅਤੇ ਪੀਰੀ' ਦਾ ਕੋਈ ਮੇਲ ਨਹੀਂ ਸੀ। ਸਾਧੂ, ਸੰਤ, ਫਕੀਰ ਅਤੇ ਗੁਰੂ ਨਿਰੋਲ ਤਪ ਤਿਆਗ ਅਤੇ ਸਾਦਗੀ ਤੇ ਪ੍ਰਤੀਕ ਸਮਝੇ ਜਾਂਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ 'ਮੀਰੀ ਅਤੇ ਪੀਰੀ' ਦਾ ਆਦਰਸ਼ ਸੁਮੇਲ ਸੀ।

ਉਤਲੇ ਪੈਰੇ ਵਿਚ ਅਸਲ ਗੱਲ ਤਾਂ ਇਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਮੀਰੀ ਅਤੇ ਪੀਰੀ ਦੇ ਮਾਲਕ ਸਨ, ਪਰੰਤੂ ਇਸ ਗੱਲ ਨਵੇਂ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਅਜੇ ਇਸ ਕਥਨ ਸੰਬੰਧੀ ਅਸੀਂ ਹੋਰ ਬਹਿਸ ਕਰ ਸਕਦੇ ਹਾਂ ਕਿ ਗ੍ਰਹਿਸਥ ਅਤੇ ਸੰਤ-ਮਾਰਗ ਬਾਰੇ ਉਸ ਸਮੇਂ ਵੱਖ-ਵੱਖ ਧਰਮਾਂ ਤੇ ਮੱਤਾਂ ਵਿਚ ਕੀ ਕੀ ਵਿਚਾਰ ਪ੍ਰਚੱਲਿਤ ਸਨ? ਇਸੇ ਤਰ੍ਹਾਂ ਗੁਰੂ ਸਾਹਿਬ ਦੇ ਆਦਰਸ਼ਾਂ ਸੰਬੰਧੀ ਕਈ ਪੰਨਿਆਂ ਵਿਚ ਵਿਚਾਰ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਵਲੋਂ ਕੀਤੇ ਯੁੱਧ ਦਾ ਹਾਲ ਜਾਂ ਕੇਵਲ ਇਕ ਯੁੱਧ ਦਾ ਵਿਸਤ੍ਰਿਤ ਹਾਲ ਬੜੇ ਸੋਹਣੇ ਸ਼ਬਦਾਂ ਵਿਚ ਚਿੱਤਰਿਆ ਜਾ ਸਕਦਾ ਹੈ।

ਇਸ ਸਾਰੀ ਚਰਚਾ ਦਾ ਮੁੱਖ ਮੰਤਵ ਇਹ ਹੈ ਕਿ ਵਿਦਿਆਰਥੀ ਅਭਿਆਸ ਰਾਹੀਂ ਗੱਲ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਢੁਕਵੇਂ ਫਬਵੇਂ ਸ਼ਬਦਾਂ ਵਿਚ ਪੇਸ਼ ਕਰਨ ਦੀ ਜਾਚ ਸਿਖਣੀ ਚਾਹੀਦੀ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਮੈਟਰ ਵਲ ਧਿਆਨ ਨਾ ਦਿੱਤਾ ਜਾਵੇ। ਮੈਟਰ ਦੀ ਆਪਣੀ ਵਿਸ਼ੇਸ਼ਤਾ ਹੈ।

ਹੁਣ ਦੋ ਲੇੱਖਾਂ ਦੇ ਕੁਝ ਢਾਂਚੇ ਦੇਵਾਂਗੇ, ਵਿਦਿਆਰਥੀਆਂ ਚਾਹੀਦਾ ਹੈ, ਕਿ ਇਨ੍ਹਾਂ ਸੰਬੰਧੀ ਹੋਰ ਸਮਗਰੀ ਆਪ ਇਕੱਠੀ ਕਰਨ। ਇਹ ਕੁੱਝ ਨੁਕਤੇ ਹਨ ਜਿਨ੍ਹਾਂ ਵਧਾ ਕੇ ਪੂਰਣ ਲੇਖ ਦਾ ਰੂਪ ਦਿੱਤਾ ਜਾ ਸਕਦਾ ਹੈ। ਇਸ ਪਾਸੇ ਅਭਿਆਸ ਕਰਨਾ ਜ਼ਰੂਰੀ ਹੈ।

## ਸਾਇੰਸ ਵਰਦਾਨ ਹੈ ਜਾਂ ਸਰਾਪ

### ਸਾਇੰਸ ਕੀ ਹੈ :

ਸਾਇੰਸ ਜਾਂ ਵਿਗਿਆਨ ਕੀ ਹੈ? ਸ਼ਬਦ ਵਰਦਾਨ ਅਤੇ ਸ਼ਰਾਪ ਦੇ ਅਰਥ ਮਨੁੱਖ ਮੁੱਢ ਤੋਂ ਹੀ ਨਵੇਂ ਤਜ਼ਬੇ ਕਰਦਾ ਆ ਰਿਹਾ ਹੈ। ਆਦਿ ਮਨੁੱਖ ਦੇ ਜੀਵਨ ਅਤੇ ਉਸ ਦੀਆਂ ਲੋੜਾਂ ਪੱਥਰ ਦੇ ਹਥਿਆਰ ਬਣਾਉਣੇ, ਕੱਚਾ ਮਾਸ ਖਾਣਾ।

### ਸਾਇੰਸ ਦੀਆਂ ਕਾਢਾਂ :

ਧਾਤਾਂ ਸੰਬੰਧੀ ਜਾਣਕਾਰੀ, ਕੋਹਿਲੇ, ਤੇਲ ਅਤੇ ਭਾਫ਼ ਦੇ ਚਮਤਕਾਰ।

### ਬਿਜਲੀ ਦੀ ਕਰਾਮਾਤ :

ਬਿਜਲੀ ਦੇ ਯੰਤਰ, ਹੀਟਰ, ਪੱਖਾ, ਰੇਡੀਓ, ਟੈਲੀਵੀਜ਼ਨ, ਤਾਰ, ਟੈਲੀਫੂਨ, ਵਾਇਰਲੈਸ, ਰੈਫਰੀਜਰੇਟਰ, ਟਰੈਕਟਰ, ਕੇਨਾਂ, ਐਕਸਰੇ, ਫੋਟੋਗ੍ਰਾਫੀ, ਫੋਟੋ-ਬਿਜਲੀ ਦੀ ਸਹਾਇਤਾ ਨਾਲ ਰੋਗਾਂ ਦਾ ਇਲਾਜ।

### ਆਵਾਜਾਈ ਦੇ ਨਵੇਂ ਸਾਧਨ :

ਨਵੇਂ ਯਤਰ, ਸਾਈਕਲ, ਸਕੂਟਰ, ਕਾਰਾਂ, ਬੱਸਾਂ, ਰੇਲ-ਗੱਡੀਆਂ, ਹਵਾਈ ਜਹਾਜ, ਸਮੁੰਦਰੀ ਜਹਾਜ਼, ਸਾਲਾਂ ਦਾ ਸਫਰ ਘੰਟਿਆਂ ਵਿਚ।

### ਮਾਨਵ ਸਿਹਤ ਅਤੇ ਦਵਾਈਆਂ :

ਨਵੇਂ-ਨਵੇਂ ਟੀਕੇ, ਛੂਤ ਵਾਲੀਆਂ ਬੀਮਾਰੀਆਂ ਦੀ ਰੋਕਥਾਮ, ਆਧੁਨਿਕ ਸਰਜਰੀ ਦੇ ਚਮਤਕਾਰ, ਪਸ਼ੂਆਂ ਦੇ ਅੰਗਾਂ ਨੂੰ ਮਨੁੱਖੀ ਸਰੀਰ ਵਿਚ ਫਿੱਟ ਕਰਨਾ, ਛਾਪੇਖਾਨੇ ਤੇ ਟਾਇਪ ਮਸ਼ੀਨਾਂ ਦੀ ਕਾਢ, ਅਖਬਾਰਾਂ ਮਾਸਿਕ ਪੱਤਰਾਂ ਤੇ ਪੁਸਤਕਾਂ ਰਾਹੀਂ ਸਿੱਖਿਆ ਦਾ ਪ੍ਰਸਾਰ, ਕੰਪਿਊਟਰ ਦੀ ਕਾਢ।

### ਮਨ ਪ੍ਰਚਾਵੇ ਦੇ ਸਿਧਾਂਤ :

ਸਿਨੇਮੇ ਦੀ ਕਾਢ, ਇਸ ਦਾ ਮਹੱਤਵ, ਐਟਮ ਸ਼ਕਤੀ ਦੀ ਵਰਤੋਂ, ਸਪੁਤਨਿਕ ਯੁੱਗ ਦਾ ਆਰੰਭ, ਚੰਨ ਦੀ ਯਾਤਰਾ ਸਾਇੰਸ ਦੀਆਂ ਕਾਢਾਂ ਜਿਥੇ ਵਰਦਾਨ ਸਿੱਧ ਹੋਈਆਂ ਉੱਥੇ ਨਾਲ ਹੀ ਸਰਾਪ।

ਮਨੁੱਖ ਮੂਲ ਰੂਪ ਵਿਚ ਖੁਦਗਰਜ਼ ਹੈ।

## ਹਥਿਆਰ :

ਜਿਥੇ ਐਟਮ ਸ਼ਕਤੀ ਨਾਲ ਕਾਰਖਾਨੇ ਚਲ ਸਕਦੇ ਹਨ। ਉਥੇ ਉਸ ਐਟਮ ਸ਼ਕਤੀ ਨਾਲ ਬੰਬ ਬਣਾਏ ਗਏ। ਹਾਈਡਰੋਜਨ ਬੰਬ, ਮਾਰੂ ਤੋਪਾ, ਟੈਂਕ, ਅਗਨ-ਸ਼ਾਸਤਰ ਤੇ ਹਥਿਆਰ। ਨਾਗਾਸਾਕੀ ਤੇ ਹੀਰੋਸੀਮਾ ਦਾ ਮਲੀਆਮੇਟ ਹੋ ਜਾਣਾ, ਹਰ ਪਾਸੇ ਤਬਾਹੀ ਹੀ ਤਬਾਹੀ, ਖਾੜੀ ਯੁੱਧ ਵਿਚ ਤਬਾਹੀ।

ਹਾਈਡਰੋਜਨ ਬੰਬਾ ਤੇ ਪ੍ਰਮਾਣੂ ਤਜਰਬਿਆਂ ਨੇ ਮਹਾਂਸਾਗਰ ਤੇ ਟਾਪੂਆਂ ਵਿਚ ਲੱਖਾਂ ਮੱਛੀਆਂ ਤੇ ਜੀਵ-ਜੰਤੂ ਖ਼ਤਮ ਕਰ ਦਿੱਤੇ ਹਲ। ਮੌਸਮ ਵਿਚ ਇਕਦਮ ਤਬਦੀਲੀਆਂ, ਵਿਸ਼ਵ (ਸੰਸਾਰ) ਸ਼ਾਂਤੀ ਨੂੰ ਖਤਰਾ।

## ਗੁਣ ਦੋਸ਼ :

ਸਾਇੰਸ ਦਾ ਕੋਈ ਦੋਸ਼ ਨਹੀਂ ਹਰੇਕ ਚੀਜ਼ ਦੇ ਪੱਖ ਜਾਂ ਰੂਪ, ਮਾਨਵਵਾਦੀ ਦ੍ਰਿਸ਼ਟੀਕੋਣ ਦੀ ਲੋੜ, ਐਟਮ ਅਤੇ ਪ੍ਰਮਾਣੂ ਸ਼ਕਤੀ ਦੀ ਸੁਚੱਜੀ ਵਰਤੋਂ ਦੀ ਲੋੜ।

## ਸਾਡੇ ਰਸਮੋ-ਰਿਵਾਜ :

ਹਰੇਕ ਸਮਾਜ ਦੇ ਆਪਣੇ ਕੋਈ ਵਿਸ਼ੇਸ਼ ਨਿਯਮ ਜਾਂ ਰੀਤੀਆਂ ਹੁੰਦੀਆਂ ਹਨ। ਪ੍ਰਗਤੀਸ਼ੀਲ ਸਮਾਜ ਇਨ੍ਹਾਂ ਰੀਤੀਆਂ ਵਿਚ ਲੋੜੀਂਦੀ ਅਦਲਾ, ਬਦਲੀ ਕਰ ਲੈਂਦਾ ਹੈ, ਇਸ ਪਰਿਵਰਤਨ ਲਈ ਵਿਦਿਆ ਦੀ ਲੋੜ ਹੈ।

ਭਾਰਤ ਵਿਚ ਕਈ ਅਜਿਹੇ ਰੀਤੀ-ਰਿਵਾਜ ਹਨ ਜਿਨ੍ਹਾਂ ਕਾਰਨ ਜੀਵਨ ਨਰਕ ਬਦਿਆ ਹੋਇਆ ਹੈ। ਪੁਰਾਣੀਆਂ ਰਸਮਾਂ ਵਿਚ ਨਪੀੜੇ ਜਾ ਰਹੇ ਹਾਂ, ਲਕੀਰ ਦੇ ਫਕੀਰ, ਆਏ ਦਿਨ ਨਵਾ ਕਲੇਸ਼ ਤੇ ਦੁੱਖ, ਜੀਵਨ ਦੁੱਖਾਂ ਦੀ ਖਾਣ ਜਾਪਦਾ ਹੈ।

ਫ਼ਜ਼ੂਲ ਖਰਚੀ, ਜਨਮ ਮਰਨ ਸਮੇਂ, ਮੰਗਦੀ ਤੇ ਵਿਆਹ ਸਮੇਂ ਜਾਤਾਂ ਗੋਤਾ ਬਰਾਦਰੀ, ਧਰਮ ਦੇ ਚੱਕਰ, ਨੱਕ ਉੱਚਾ ਰੱਖਣ ਦੀ ਰੱਟ, ਵੱਡੀਆਂ ਵੱਡੀਆਂ ਜੱਞਾਂ, ਬੈਂਡ ਬਾਜੇ, ਸਿਹਰੇ, ਮਿਲਣੀ ਦੀਆਂ ਰਸਮਾਂ, ਪੈਸੇ ਬਟੋਰਨ ਦੀਆਂ ਯੋਜਨਾਵਾਂ।

ਦਾਜ ਦੀ ਸਮੱਸਿਆ ਆਤਮ-ਹੱਤਿਆ ਦੀਆਂ ਘਟਨਾਵਾਂ, ਦਾਜ ਦੇ ਲਾਲਚ ਲਈ ਅਜੋੜ ਵਿਆਹ, ਬਾਲ-ਵਿਆਹ, ਆਰਥਿਕ ਮਜ਼ਬੂਰੀਆ, ਪਹਿਲਾਂ ਸਤੀ ਦਾ ਰਿਵਾਜ, ਧਰਮ ਦੀਆਂ ਗਲਤ ਕੀਮਤਾਂ, ਲੜਕੀ ਵਾਲਿਆਂ ਨੀਵਾਂ ਸਮਝਣਾ, ਵਿਧਵਾ ਦਾ ਵਿਆਹ ਕਰਨ ਦੀ ਮਨਾਹੀ।

ਇਕ ਬੁਰਾਈ ਦੂਜੀ ਜਨਮ ਦਿੰਦੀ ਹੈ, ਜਿਵੇਂ ਵਿਆਹ ਵਿੱਚ ਸ਼ਰਾਬ ਦੀ ਵਰਤੋਂ, ਝਗੜੇ ਮੁਕੱਦਮੇ-ਬਾਜੀ, ਵੱਢੀਆਂ ਖੂਨ-ਖਰਾਬੇ।

ਜਿਉਂਦਿਆਂ ਆਪਣੇ ਬਜ਼ੁਰਗਾ ਦੀ ਬਾਤ ਨਾ ਪੁੱਛਣੀ ਪ੍ਰੰਤੂ ਮਗਰੋਂ ਦਾਨ ਪੁੰਨ ਜਾਂ ਸਰਾਧ ਕਰਨੇ, ਰੋਣਾ ਪਿਟਣਾ ਬਰਸੀਆਂ ਮਨਾਉਣੀਆਂ, ਘੁੰਡ ਅਤੇ ਪਰਦੇ ਦਾ ਰਿਵਾਜ ਆਦਰ ਤੇ ਸਤਿਕਾਰ ਦੀ ਨਿਸ਼ਾਨੀ ਪਰੰਤੂ ਵਾਸਤਵ ਵਿਚ ਇਕ ਬੁਰਾਈ।

ਛੂਤ ਛਾਤ ਭਾਰਤੀ ਸੰਵਿਧਾਨ ਵਿਚ ਇਸ ਦੀ ਮਨਾਹੀ ਪਰੰਤੂ ਅਸਲ ਵਿਚ ਅਜੇ ਵੀ ਉਚ-ਨੀਚ ਦੀ ਭਾਵਨਾ ਬਹੁਤ ਸਾਰੇ ਲੋਕਾਂ ਵਿਚ ਹੈ, ਟੂਣੇ ਜਾਦੂ, ਤਵੀਤਾਂ ਦਾ ਰਿਵਾਜ।

ਕੁਝ ਪੜ੍ਹੀਆਂ ਲਿਖੀਆਂ ਇਸਤਰੀਆਂ ਨੂੰ ਛੱਡ ਕੇ ਬਾਕੀਆਂ ਨੂੰ ਅੱਜ ਵੀ ਪੈਰ ਦੀ ਜੁੱਤੀ ਸਮਝਿਆ ਜਾਂਦਾ ਹੈ, ਲੋਕ ਰਾਜ ਵਿਚ ਇਸਤਰੀ ਦੀ ਸਮਾਨਤਾ, ਪੰਚਾਇਤਾਂ, ਵਿਧਾਨ ਸਭਾ ਦੇ ਸੰਸਦ (ਪਾਰਲੀਮੈਂਟ) ਵਿਚ ਇਸਤਰੀ ਦੀ ਨਾਮ ਮਾਤਰ ਗਿਣਤੀ।

ਸਾਡੇ ਅਨੇਕਾਂ ਵਹਿਮਾਂ ਤੇ ਪਾਖੰਡਾਂ ਨੇ ਵੀ ਜੀਵਨ ਨਰਕ ਬਣਾ ਦਿੱਤਾ ਹੈ ਅਤੇ ਇਹ ਸਾਡੇ ਜੀਵਨ ਦੇ

ਜ਼ਰੂਰੀ ਭਾਗ ਬਣ ਗਏ ਹਨ। ਸਫਰ ਪ੍ਰਾਪਤੀ ਤੇ ਆਤਮਾ ਦੀ ਸ਼ਾਂਤੀ ਲਈ ਪੁੱਤਰ ਦੀ ਲਾਲਸਾ ਵਧ ਰਹੀ ਆਬਾਦੀ।

ਸਾਡੇ ਰਹਿਣ ਬਹਿਣ, ਖਾਣ-ਪੀਣ ਅਤੇ ਪ੍ਰਾਹੁਣਚਾਰੀ ਦੇ ਢੰਗਾਂ ਤੇ ਰਿਵਾਜਾਂ ਵਿਚ ਦੇਸ਼, ਸਮੇਂ ਦੀ ਬੇਕਦਰੀ, ਸਫਾਈ ਦਾ ਅਭਾਵ।

ਪਰੰਤੂ ਵਿਦਿਆ ਦੇ ਪਸਾਰ ਅਤੇ ਪੱਛਮੀ ਪ੍ਰਭਾਵ ਨਾਲ ਤਬਦੀਲੀ ਆ ਰਹੀ ਹੈ, ਹੁਣ ਬਾਰਿਸ਼ ਲਈ ਦੇਵੀ ਦੇਵਤਿਆ ਪ੍ਰਾਰਧਨਾ ਕਰਨ ਦੀ ਬਜਾਇ ਨਹਿਰਾ ਅਤੇ ਟਿਊਬਵੈਲਾਂ ਵੱਲ ਧਿਆਨ ਦਿੱਤਾ ਜਾਂਦਾ ਹੈ। ਹੁਣ ਮਾਤਾ ਦੀ ਉਪਾਸਨਾ ਕਰਨ ਦੀ ਥਾਂ ਚੇਚਕ ਦਾ ਟੀਕਾ ਲੁਆਇਆ ਜਾਂਦਾ ਹੈ।

ਪੰਜ ਸਾਲਾਂ ਯੋਜਨਾ ਵਿਚ ਆਰਥਿਕ ਉੱਨਤੀ ਦੇ ਯਤਨਾਂ ਕਾਰਣ ਪ੍ਰੰਪਰਾ ਦੀ ਪਕੜ ਘਟਦੀ ਜਾ ਰਹੀ ਹੈ। ਵਿਗਿਆਨਕ ਦ੍ਰਿਸ਼ਟੀ ਅਪਨਾਉਣ ਅਤੇ ਪ੍ਰਚਾਰ ਕਰਨ ਦੀ ਲੋੜ ਹੈ।

## ਕੁਝ ਲੇਖ

### ਖੇਡਾਂ ਤੇ ਇਨ੍ਹਾਂ ਦਾ ਪੜ੍ਹਾਈ ਵਿਚ ਸਥਾਨ

ਖੇਡਾਂ ਮਨੁੱਖੀ ਜੀਵਨ ਦਾ ਬੜਾ ਜ਼ਰੂਰੀ ਤੇ ਲਾਜ਼ਮੀ ਅੰਗ ਹਨ। ਜੀਵਨ ਵਿਚ ਇਨ੍ਹਾਂ ਦੀ ਲੋੜ ਖੁਰਾਕ ਨਾਲੋਂ ਘੱਟ ਨਹੀਂ। ਇਹ ਸਰੀਰ, ਦਿਮਾਗ, ਦਿਲ ਤੇ ਆਤਮਾ ਸਭ ਦੀ ਅਰੋਗਤਾ ਲਈ ਇਕੋ ਜਿਹੀਆਂ ਲੋੜੀਂਦੀਆਂ ਹਨ। ਦਿਨ ਭਰ ਦੇ ਦਿਮਾਗੀ ਤੇ ਸਰੀਰਕ ਥਕੇਵੇਂ ਤੋਂ ਪਿੱਛੋਂ ਖੇਡਾਂ ਇਕ ਰੱਬੀ ਬਰਕਤ ਹਨ। ਇਨ੍ਹਾਂ ਨਾਲ ਦਿਲ-ਪ੍ਰਚਾਵਾ ਤੇ ਕਸਰਤ ਇਕੱਠਿਆਂ ਹੀ ਹੋ ਜਾਂਦੀ ਹੈ।

ਵਿਕਸਿਤ ਦੇਸ਼ਾਂ ਨੇ ਖੇਡਾਂ ਦੇ ਮਹੱਤਵ ਨੂੰ ਪੂਰਨ ਰੂਪ ਵਿਚ ਸਮਝ ਲਿਆ ਹੈ। ਉਥੇ ਹਰ ਸਕੂਲ, ਕਾਲਜ ਤੇ ਯੂਨੀਵਰਸਿਟੀ ਪੱਧਰ 'ਤੇ ਖੇਡਾਂ ਦਾ ਵਿਸ਼ੇਸ਼ ਪ੍ਰਬੰਧ ਹੈ। ਹਰ ਥਾਂ ਉਤੇ ਖੇਡਾਂ ਲਈ ਵਧੀਆ ਮੈਦਾਨਾਂ ਦਾ ਪ੍ਰਬੰਧ ਹੈ। ਖੇਡਾਂ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਤੇ ਸਰਮਾਏਦਾਰ ਅਦਾਰਿਆਂ ਵੱਲੋਂ ਖੁੱਲ੍ਹੀ ਆਰਥਕ ਸਹਾਇਤਾ ਕੀਤੀ ਜਾਂਦੀ ਹੈ। ਅੰਤਰ-ਰਾਸ਼ਟਰੀ ਪੱਧਰ ਉਤੇ ਕਈ ਪ੍ਰਕਾਰ ਦੇ ਵੱਖੋ ਵੱਖਰੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਜੋ ਖੇਡਾਂ ਦੇ ਮਹੱਤਵ ਨੂੰ ਦਰਸਾਉਂਦੇ ਹਨ।

ਖੇਡਾਂ ਸਰੀਰ ਨੂੰ ਅਰੋਗ ਰਖਦੀਆਂ ਹਨ ਕਿਉਂਕਿ ਉਹ ਸਰੀਰ ਵਿਚ ਲਹੂ ਦੀ ਗਤੀ ਤੇਜ਼ ਕਰਦੀਆਂ ਹਨ। ਪਾਚਣ ਸ਼ਕਤੀ ਵਧਦੀ ਹੈ। ਫੇਫੜਿਆਂ ਨੂੰ ਆਕਸੀਜਨ ਪੂਰੀ ਮਾਤਰਾ ਵਿਚ ਪਹੁੰਚਦੀ ਹੈ, ਇਹ ਲਹੂ ਨੂੰ ਸਾਫ ਕਰਦੀ ਹੈ ਜੋ ਸਾਡੇ ਸਰੀਰ ਦੀ ਜਾਨ ਹੈ। ਨੇਮ ਨਾਲ ਖੇਡਣ ਨਾਲ ਸਰੀਰਕ ਕਮਜ਼ੋਰੀਆਂ ਦੂਰ ਹੋ ਜਾਂਦੀਆਂ ਹਨ। ਖੇਡਾਂ ਕੇਵਲ ਸਰੀਰਕ ਸੁੰਦਰਤਾ ਵਿਚ ਹੀ ਵਾਧਾ ਨਹੀਂ ਕਰਦੀਆਂ ਬਲਕਿ ਇਹ ਮਨ ਨੂੰ ਵੀ ਅਰੋਗ ਬਣਾਉਂਦੀਆਂ ਹਨ। ਇਸ ਲਈ ਕਿਹਾ ਜਾਂਦਾ ਹੈ ਕਿ 'ਅਰੋਗ ਸਰੀਰ ਵਿਚ ਹੀ ਅਰੋਗ ਮਨ' ਰਹਿ ਸਕਦਾ ਹੈ। ਆਮ ਤੌਰ 'ਤੇ ਇਹ ਵਹਿਮ ਪਾ ਦਿੱਤਾ ਜਾਂਦਾ ਹੈ ਕਿ ਖੇਡਾਂ ਪੜ੍ਹਾਈ ਵਿਚ ਰੁਕਾਵਟ ਹਨ ਪਰੰਤੂ ਇਹ ਠੀਕ ਨਹੀਂ। ਤੰਦਰੁਸਤ ਹੋਣ ਕਾਰਨ ਦਿਮਾਗ ਤਾਜ਼ਾ ਤੇ ਚੁਸਤ ਹੋ ਜਾਂਦਾ ਹੈ। ਦਿਮਾਗ ਤਾਜ਼ਾ ਹੋਣ ਨਾਲ ਸੋਚ ਤੇ ਯਾਦ ਸ਼ਕਤੀ ਵਿਚ ਵਾਧਾ ਹੁੰਦਾ ਹੈ। ਨਿਰੇ ਕਿਤਾਬੀ ਕੀੜੇ ਪੜ੍ਹਾਈ ਵਿਚ ਕਾਮਯਾਬੀ ਹਾਸਲ ਨਹੀਂ ਕਰ ਸਕਦੇ।

ਉਨ੍ਹਾਂ ਖੇਡਾਂ ਦਾ ਮਹੱਤਵ ਵਧੇਰੇ ਹੈ ਜੋ ਕਈ ਵਿਅਕਤੀ ਰਲ ਕੇ ਖੇਡਦੇ ਹਨ। ਸਭ ਤੋਂ ਮਹੱਤਵਪੂਰਨ ਇਹ ਹੈ ਕਿ ਖੇਡਾਂ ਵਿਅਕਤੀ ਦਾ ਆਚਰਨ ਉੱਚਾ ਬਣਾਉਂਦੀਆਂ ਹਨ। ਜਿਸ ਵਿਅਕਤੀ ਦੀ ਮਨ ਦੀ ਇਕਾਗਰਤਾ ਨਾ ਬਣਦੀ ਹੋਵੇ ਖੇਡਾਂ ਰਾਹੀਂ ਬਣ ਜਾਂਦੀ ਹੈ। ਖਿਡਾਰੀ ਖੇਡ ਵਿਚ ਨਾ ਕੇਵਲ ਦੁਨੀਆਂ ਦੇ ਝੰਜਟਾਂ, ਫਿਕਰਾਂ ਤੇ ਸੋਚਾਂ ਨੂੰ ਵਿਸਾਰ ਦਿੰਦਾ ਹੈ ਸਗੋਂ ਆਪਣੇ ਆਪ ਨੂੰ ਵੀ ਵਿਸਾਰ ਦਿੰਦਾ ਹੈ। ਖੇਡਾਂ ਰਾਹੀਂ ਹੀ ਵਿਅਕਤੀ ਮੁੜ ਜਿੱਤਣ ਲਈ ਅਭਿਆਸ ਕਰਦਾ ਹੈ ਤੇ ਜਿੱਤ ਕੇ ਹਾਰਨ ਲਈ ਵੀ ਤਿਆਰ ਰਹਿੰਦਾ ਹੈ। ਸੰਤੁਲਤ ਵਿਅਕਤਿਤਵ ਲਈ ਖੇਡਾਂ ਬਹੁਤ ਜ਼ਰੂਰੀ ਹਨ। ਜੁਆਨੀ ਦੀ ਅਵਸਥਾ ਵਿਚ ਵਿਅਕਤੀ ਵਿਚ ਅਥਾਹ ਸ਼ਕਤੀ ਹੁੰਦੀ ਹੈ ਜੋ ਅਕਸਰ ਕਾਮ ਵੱਲ ਉਤੇਜਿਤ ਹੋ ਜਾਂਦੀ ਹੈ। ਜੇਕਰ ਵਿਅਕਤੀ ਖੇਡਾਂ ਵਿਚ ਭਾਗ ਲਵੇ ਤਾਂ ਉਹ ਅਜਿਹੇ ਵਿਕਾਰਾਂ ਤੋਂ ਬਚ ਜਾਂਦੀ ਹੈ। ਖੇਡਾਂ ਵਿਅਕਤੀ ਵਿਚ ਟੀਮ ਭਾਵਨਾ ਪੈਦਾ ਕਰਦੀਆਂ ਹਨ, ਜ਼ਿੰਦਗੀ ਦੀਆਂ ਹਾਰਾਂ ਜਿੱਤਾਂ ਨੂੰ ਸਹਿਣ

ਦਾ ਮਾਨਸਿਕ ਬਲ ਬਖਸ਼ਦੀਆਂ ਹਨ। ਖੇਡਾਂ ਅੱਜ ਦੀ ਜ਼ਿੰਦਗੀ ਦੇ ਤਨਾਊਪੂਰਨ ਮਾਹੌਲ ਲਈ ਮਾਨਸਿਕ ਸ਼ਕਤੀ ਵਧਾਉਂਦੀਆਂ ਤੇ ਤਨਾਉ ਵਿਚੋਂ ਕੱਢਦੀਆਂ ਹਨ।

ਮਨੁੱਖ ਵਿਚ ਕੁਦਰਤੀ ਪ੍ਰਵਿਰਤੀ ਹੈ ਕਿ ਉਹ ਇਕ ਦੂਜੇ ਤੋਂ ਅਗਾਂਹ ਨਿਕਲਣਾ ਚਾਹੁੰਦਾ ਹੈ। ਮਨੁੱਖ ਅੰਦਰਲੇ ਖੂੰਖਾਰ ਜਾਨਵਰ ਦੀ ਤ੍ਰਿਪਤੀ ਖੇਡਾਂ ਕਰਵਾ ਦੇਂਦੀਆਂ ਹਨ। ਖੇਡਾਂ ਮਨੁੱਖ ਦੀ ਖੂੰਖਾਰ ਬਿਰਤੀ ਨੂੰ ਸਹਿਜਤਾ ਪ੍ਰਦਾਨ ਕਰਦੀਆਂ ਹਨ। ਜੀਵਨ ਇਕ ਵੱਡੀ ਖੇਡ ਹੈ। ਇਸ ਲਈ ਖੇਡ ਦੇ ਮੈਦਾਨ ਵਿਚ ਸਿੱਖੀਆਂ ਗਈਆਂ ਖੂਬੀਆਂ ਮਨੁੱਖ ਨੂੰ ਜੀਵਨ ਦੀ ਖੇਡ ਸਫਲਤਾ ਨਾਲ ਖੇਡਣ ਵਿਚ ਸਹਾਇਤਾ ਦੇ ਸਕਦੀਆਂ ਹਨ। ਖੇਡਾਂ ਵਿਚ ਅਸੀਂ ਕਈ ਆਤਮਕ ਤੇ ਸਦਾਚਾਰਕ ਗੁਣ ਸਿੱਖ ਲੈਂਦੇ ਹਾਂ। ਸੋ ਖਿਡਾਰੀ ਖੇਡਾਂ ਤੋਂ ਬਾਹਰਲੇ ਖੇਤਰਾਂ ਵਿਚ ਵੀ ਦ੍ਰਿੜ੍ਹਤਾ, ਹੌਂਸਲਾ, ਰਵਾਦਾਰੀ, ਇਨਸਾਫ, ਮਿਲਵਰਤਨ ਆਦਿ ਗੁਣ ਗ੍ਰਹਿਣ ਕਰ ਲੈਂਦੇ ਹਨ।

ਜਿਵੇਂ ਅੰਗਰੇਜ਼ੀ ਵਿੱਚ ਇਕ ਕਹਾਵਤ ਹੈ ਕਿ ਕੋਈ ਵੀ ਚੀਜ਼ ਦਾ ਬਹੁਤਾ ਕਰਨਾ ਬੁਰਾ ਹੁੰਦਾ ਹੈ। ਇਸ ਪ੍ਰਕਾਰ ਹੀ ਖੇਡਣਾ ਬਹੁਤ ਜ਼ਰੂਰੀ ਤੇ ਵਧੀਆ ਹੈ ਪਰ ਲੋੜ ਤੋਂ ਵਧੇਰੇ ਖੇਡਣਾ ਹਾਨੀਕਾਰਕ ਹੈ। ਇਹ ਸਰੀਰਕ ਸ਼ਕਤੀ ਨੂੰ ਵੀ ਨਸ਼ਟ ਕਰਦਾ ਹੈ ਤੇ ਨਾਲ ਹੀ ਜ਼ਿੰਦਗੀ ਦੇ ਬਾਕੀ ਕੰਮਾਂ ਉਤੇ ਵੀ ਬੁਰਾ ਪ੍ਰਭਾਵ ਪਾਉਂਦਾ ਹੈ। ਮੁਕਾਬਲੇ ਲਈ ਖੇਡਣਾ ਹੋਰ ਗੱਲ ਹੈ ਪਰ ਜ਼ਿੰਦਗੀ ਸਾਵੀਂ ਰੱਖਣ ਲਈ ਖੇਡਣਾ ਦੂਜੀ ਗੱਲ ਹੈ। ਬਹੁਤੇ ਲੋਕਾਂ ਨੂੰ ਦੂਜੀ ਪ੍ਰਕਾਰ ਦੀ ਖੇਡ ਦੀ ਲੋੜ ਹੈ ਜਿਸ ਰਾਹੀਂ ਜ਼ਿੰਦਗੀ ਦੇ ਸਾਵੇਂਪਣ ਨੂੰ ਬਣਾ ਕੇ ਰੱਖਿਆ ਜਾ ਸਕਦਾ ਹੈ।

## ਵਿਦਿਆਰਥੀ ਤੇ ਰਾਜਨੀਤੀ

ਵਿਦਿਆਰਥੀ ਤੇ ਰਾਜਨੀਤੀ ਇਕ ਬਹੁਤ ਹੀ ਅਹਿਮ ਮਸਲਾ ਹੈ। ਇਸ ਵਿਸ਼ੇ ਉੱਤੇ ਵਾਦ-ਵਿਵਾਦ ਹੀ ਰਿਹਾ ਹੈ। ਇਕ ਧਿਰ ਇਹ ਆਖਦੀ ਹੈ ਕਿ ਵਿਦਿਆਰਥੀਆਂ ਨੂੰ ਰਾਜਨੀਤੀ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ ਅਤੇ ਦੂਸਰੀ ਧਿਰ ਆਖਦੀ ਹੈ ਕਿ ਵਿਦਿਆਰਥੀਆਂ ਨੂੰ ਰਾਜਨੀਤੀ ਵਿਚ ਹਿੱਸਾ ਲੈਣਾ ਚਾਹੀਦਾ ਹੈ। ਹਰ ਰਾਜ ਕਰਨ ਵਾਲੀ ਧਿਰ ਦਾ ਇਹ ਵਿਚਾਰ ਹੁੰਦਾ ਹੈ ਕਿ ਵਿਦਿਆਰਥੀਆਂ ਨੂੰ ਰਾਜਨੀਤੀ ਤੋਂ ਪਰੇ ਰਹਿਣਾ ਚਾਹੀਦਾ ਹੈ। 1920 ਈ. ਤੋਂ ਪਹਿਲਾਂ ਸਾਡੇ ਵਿਦਿਆਰਥੀ ਰਾਜਨੀਤਿਕ ਮਾਮਲਿਆਂ ਵਿਚ ਕੋਈ ਦਿਲਚਸਪੀ ਨਹੀਂ ਲੈਂਦੇ ਸਨ। ਉਸ ਸਾਲ ਮਹਾਤਮਾ ਗਾਂਧੀ ਨੇ ਨਾ-ਮਿਲਵਰਤਨ ਦੀ ਲਹਿਰ ਚਲਾਈ ਤੇ ਬੜੇ ਜ਼ੋਰ ਨਾਲ ਇਸ ਦਾ ਪ੍ਰਚਾਰ ਕੀਤਾ ਕਿ ਜਦੋਂ ਤੱਕ ਆਜ਼ਾਦੀ ਦੀ ਪ੍ਰਾਪਤੀ ਨਹੀਂ ਹੋ ਜਾਂਦੀ, ਵਿੱਦਿਆ ਆਦਿ ਸਭ ਕੰਮਾਂ ਨੂੰ ਪਿੱਛੇ ਪਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਰਾਜਨੀਤਕ ਕੰਮਾਂ ਵਿਚ ਸਰਗਰਮ ਹਿੱਸਾ ਲੈਣ ਦੀ ਪ੍ਰੇਰਨਾ ਕੀਤੀ ਗਈ ਅਤੇ ਵਿਦਿਆਰਥੀਆਂ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਨਿੱਗਰ ਕੰਮ ਕੀਤਾ। ਦੇਸ਼ ਦੀ ਆਜ਼ਾਦੀ ਉਪਰੰਤ ਇਹੋ ਕਾਂਗਰਸੀ ਆਗੂ ਕਹਿਣ ਲੱਗ ਪਏ ਕਿ ਹੁਣ ਵਿਦਿਆਰਥੀਆਂ ਨੂੰ ਰਾਜਨੀਤੀ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ ਕੇਵਲ ਆਪਣੇ ਵਿਦਿਅਕ ਕੰਮਾਂ ਵੱਲ ਹੀ ਧਿਆਨ ਦੇਣਾ ਚਾਹੀਦਾ ਹੈ। ਸਵਰਗਵਾਸੀ ਸਰਦਾਰ ਪਟੇਲ ਨੇ ਇਕ ਵਾਰੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ, ''ਆਜ਼ਾਦੀ ਦਾ ਸੰਗਰਾਮ ਜਿਸ ਵਿਚ ਸਾਨੂੰ ਤੁਹਾਡੀ ਲੋੜ ਸੀ, ਜਿੱਤਿਆ ਜਾ ਚੁੱਕਿਆ ਹੈ। ਹੁਣ ਤੁਹਾਨੂੰ ਆਪਣੀ ਵਿਦਿਆ ਸੰਪੂਰਨ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਜਦੋਂ ਹਕੂਮਤ ਦੀ ਵਾਗਡੋਰ ਤੁਹਾਡੇ ਆਪਣੇ ਆਦਮੀਆਂ ਦੇ ਹੱਥ ਹੈ ਤਾਂ ਤੁਹਾਨੂੰ ਰਾਜਨੀਤੀ ਬਾਬਤ ਚਿੰਤਾ ਕਰਨ ਦੀ ਲੋੜ ਨਹੀਂ।''

ਕਾਂਗਰਸੀ ਨੇਤਾ ਦੇ ਉਪਰੋਕਤ ਵਿਚਾਰ ਤੋਂ ਇਕ ਗੱਲ ਸਮਝ ਆਉਂਦੀ ਹੈ ਕਿ ਜਦੋਂ ਕੋਈ ਪਾਰਟੀ ਜਾਂ ਗਰੁੱਪ ਰਾਜ ਸੱਤਾ ਤੋਂ ਪਰ੍ਹੇ ਹੁੰਦਾ ਹੈ, ਉਸ ਸਮੇਂ ਉਹ ਇਹ ਚਾਹੁੰਦਾ ਹੈ ਕਿ ਵਿਦਿਆਰਥੀ ਰਾਜਨੀਤੀ ਵਿਚ ਰਾਜ ਦੇ ਖਿਲਾਫ਼ ਹਿੱਸਾ ਲੈਣ ਪਰ ਜਿਉਂ ਹੀ ਉਹ ਰਾਜ ਸੱਤਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਚਾਹੁੰਦਾ ਹੈ ਕਿ ਵਿਦਿਆਰਥੀ ਰਾਜਨੀਤੀ ਵਿਚ ਹਿੱਸਾ ਨਾ ਲੈਣ। ਕਾਂਗਰਸੀ ਨੇਤਾਵਾਂ ਦੀ ਇਹ ਗੱਲ ਕੇਵਲ ਕਹਿਣ ਦੀ ਹੈ। ਵਾਸਤਵਿਕ ਰੂਪ ਵਿਚ ਭਾਰਤ ਵਿਚ ਵਿਦਿਆਰਥੀਆਂ ਵਿਚ ਹਰ ਇਕ ਰਾਜਨੀਤਕ ਪਾਰਟੀ ਦੀ ਆਪਣੀ ਸ਼ਾਖ ਹੈ ਤੇ ਸਾਰੀਆਂ ਪਾਰਟੀਆਂ ਵਿਦਿਆਰਥੀਆਂ ਨੂੰ ਰਾਜਨੀਤੀ ਕਰਨ ਲਈ ਪ੍ਰੇਰਦੀਆਂ ਹਨ।

ਇਹ ਗੱਲ ਸਰਵ-ਪ੍ਰਵਾਨਿਤ ਹੈ ਕਿ ਵਿਦਿਆਰਥੀ ਹੀ ਸਮੁੱਚੇ ਸੰਸਾਰ ਤੇ ਕਿਸੇ ਦੇਸ਼ ਦਾ ਭਵਿੱਖ ਹਨ। ਜਿਸ ਸਮਾਜ ਦੇ ਵਿਦਿਆਰਥੀ ਜਿੰਨੇ ਵਿਚਾਰਵਾਨ ਤੇ ਸੂਝਵਾਨ ਹੋਣਗੇ ਉਨ੍ਹਾਂ ਹੀ ਉਹ ਸਮਾਜ ਵਿਕਾਸ ਕਰੇਗਾ। ਜਦੋਂ

ਅਸੀਂ ਚਾਹੁੰਦੇ ਹਾਂ ਕਿ ਵਿਦਿਆਰਥੀ ਚੰਗੇ ਸਾਇੰਸਦਾਨ, ਸਾਹਿਤਕਾਰ ਤੇ ਵਿਦਵਾਨ ਬਣਨ ਤਾਂ ਇਸ ਗੱਲ ਵਿਚ ਕੀ ਬੁਰਾਈ ਹੈ ਕਿ ਉਹ ਚੰਗੇ ਰਾਜਨੀਤੀਵਾਨ ਵੀ ਬਣਨ ? ਦੇਸ਼ ਤੇ ਸਮਾਜ ਨੂੰ ਬਾਕੀ ਗੱਲਾਂ ਵਾਂਗ ਰਾਜਨੀਤੀਵਾਨਾਂ ਦੀ ਵੀ ਬਹੁਤ ਲੋੜ ਹੈ।

ਵਿਦਿਆਰਥੀਆਂ ਨੂੰ ਰਾਜਨੀਤੀ ਵਿਚ ਹਿੱਸਾ ਤਾਂ ਲੈਣਾ ਚਾਹੀਦਾ ਹੈ ਪਰ ਅਠਾਰਾਂ ਵੀਹ ਸਾਲ ਦੀ ਕੱਚੀ ਉਮਰ ਵਿਚ ਵਿਦਿਆਰਥੀਆਂ ਨੂੰ ਉਹ ਲੋੜੀਂਦਾ ਤਜਰਬਾ, ਉਹ ਗੰਭੀਰਤਾ, ਸਮਝ ਤੇ ਸਿਆਣਪ ਨਹੀਂ ਮਿਲੀ ਹੁੰਦੀ ਜੋ ਰਾਜਨੀਤੀ ਵਿਚ ਸਫਲਤਾ ਪੂਰਬਕ ਹਿੱਸਾ ਲੈਣ ਲਈ ਜ਼ਰੂਰੀ ਹੈ। ਅਜਿਹੇ ਵੇਲੇ ਵਿਦਿਆਰਥੀਆਂ ਨੂੰ ਰਾਜਨੀਤੀ ਵਿਚ ਅੱਧਖੜ੍ਹੇ ਤੇ ਅਨਪੜ੍ਹ ਹੀ ਸਮਝਣਾ ਚਾਹੀਦਾ ਹੈ। ਉਨ੍ਹਾਂ ਦੀ ਕੱਚਘਰੜ ਰਾਜਨੀਤੀ ਨੂੰ ਰਾਜਨੀਤਕ ਧੜੇ ਚਾਲਾਕੀ ਨਾਲ ਵਰਤ ਲੈਂਦੇ ਹਨ। ਵਿਦਿਆਰਥੀਆਂ ਨੂੰ ਇਸ ਗੱਲ ਤੋਂ ਜਾਗਰੂਕ ਹੋਣਾ ਚਾਹੀਦਾ ਹੈ। ਸਮੁੱਚਾ ਵਿਸ਼ਵ ਰਾਜਨੀਤਕ ਗਤੀਵਿਧੀਆਂ ਦਾ ਅਖਾੜਾ ਬਣ ਚੁੱਕਾ ਹੈ। ਹਰ ਦੇਸ਼ ਦੀਆਂ ਆਪਣੀਆਂ ਰਾਜਨੀਤਕ ਉਲਝਣਾਂ ਹਨ। ਨੇੜੇ ਭਵਿੱਖ ਵਿਚ ਵੱਡੀਆਂ ਮਹੱਤਤਾਵਾਂ ਵਾਲੇ ਮਸਲੇ ਸਾਡੇ ਸਾਹਮਣੇ ਆ ਰਹੇ ਹਨ। ਇਸ ਗੱਲ ਦੀ ਅਤਿ ਆਵੱਸ਼ਕ ਲੋੜ ਹੈ ਕਿ ਵਿਦਿਆਰਥੀ ਆਪਣੀ ਵਿੱਦਿਆ ਦੇ ਨਾਲ ਨਾਲ ਰਾਜਨੀਤੀ ਬਾਰੇ ਡੂੰਘਾ ਅਧਿਐਨ ਕਰਨ ਤੇ ਰਾਜਨੀਤੀ ਨੂੰ ਸੇਧ ਦੇਣ। ਹਰ ਤਰ੍ਹਾਂ ਦੇ ਰਾਜਨੀਤਕ ਢਾਂਚਿਆਂ ਦੇ ਅਸੂਲਾਂ ਤੇ ਆਦਰਸ਼ ਨੂੰ ਵਾਚਣ, ਆਪਣੇ ਦੇਸ਼ ਦੀਆਂ ਵਿਸ਼ੇਸ਼ ਲੋੜਾਂ ਵੇਖਣ ਅਤੇ ਉਸ ਮੁਤਾਬਕ ਆਪਣੇ ਦੇਸ਼ ਦੀ ਰਾਜਨੀਤੀ ਨੂੰ ਢਾਲਣ ਦਾ ਯਤਨ ਕਰਨ। ਵਿਦਿਆਰਥੀ ਦੇਸ਼ ਦੀ ਰਾਜਨੀਤੀ ਵਿਚ ਜ਼ਿੰਮੇਦਾਰੀ ਨਾਲ ਹਿੱਸਾ ਲੈ ਕੇ ਦੇਸ਼ ਦੀ ਨਿੱਗਰ ਸੇਵਾ ਕਰ ਸਕਦੇ ਹਨ।

ਅੱਜ ਦੇ ਵਿਦਿਆਰਥੀਆਂ ਨੇ ਹੀ ਕੱਲ੍ਹ ਦੇ ਨੇਤਾ ਬਣਨਾ ਹੈ। ਇਸ ਲਈ ਵਿਦਿਆਰਥੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਵਿੱਦਿਆ ਨੂੰ ਪ੍ਰਮੁੱਖਤਾ ਦੇਣ ਤੇ ਨਾਲ ਹੀ ਰਾਜਨੀਤਕ ਚੇਤੰਨਤਾ ਗ੍ਰਹਿਣ ਕਰਨ।

### 1.2.4 ਸਿੱਟਾ

ਸਮੁੱਚੇ ਰੂਪ ਕਿਹਾ ਜਾ ਸਕਦਾ ਹੈ ਕਿ ਇੱਕ ਚੰਗਾ ਲੇਖਕ ਬਣਨ ਲਈ ਸਾਨੂੰ ਜੋ ਵੀ ਗਿਆਨ ਚਾਹੀਦਾ ਹੈ, ਉਹ ਸਾਨੂੰ ਇਸ ਉਪਰਲੇ ਪਾਠ ਨੂੰ ਪੜ੍ਹਣ ਉਪਰੰਤ ਹੀ ਪ੍ਰਾਪਤ ਹੁੰਦਾ ਹੈ। ਸਾਨੂੰ ਹਰੇਕ ਪ੍ਰਕਾਰ ਲੇਖਕ ਦੀ ਲਿਖਤ ਪੜ੍ਹਨੀ ਚਾਹੀਦੀ ਹੈ। ਵੱਖ-ਵੱਖ ਪ੍ਰਕਾਰ ਦੇ ਲੇਖਾਂ ਜਿਵੇਂ ਬਿਰਤਾਂਤਕ, ਵਿਚਾਰਆਤਮਕ, ਭਾਵਨਾਤਮਕ ਅਤੇ ਵਰਣਨਾਤਮਕ ਲੇਖਾਂ ਦਾ ਸੂਖਮ ਢੰਗ ਨਾਲ ਅਧਿਐਨ ਕਰਨਾ ਚਾਹੀਦਾ ਹੈ। ਹਰੇਕ ਲੇਖਕ ਦੀ ਬੋਲੀ ਅਤੇ ਸ਼ੈਲੀ ਦਾ ਵਿਸ਼ੇਸ਼ਤਾ ਸਹਿਤ ਅਧਿਐਨ ਕਰਨ ਦੀ ਲੋੜ ਹੈ ਤਾਂ ਜੋ ਇੱਕ ਚੰਗਾ ਲੇਖਕ ਬਣਿਆ ਜਾ ਸਕੇ।

### 1.2.5 ਅਭਿਆਸ ਲਈ ਪ੍ਰਸ਼ਨ

1. ਲੇਖ ਤੋਂ ਕੀ ਭਾਵ ਹੈ?
2. ਬਿਰਤਾਂਤਕ ਲੇਖ ਕਿਸਨੂੰ ਆਖਦੇ ਹਨ।
3. ਇੱਕ ਚੰਗਾ ਨਿਬੰਧ ਲਿਖਣ ਲਈ ਸਾਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?
4. ਨਿਬੰਧ ਲਈ ਵਿਸ਼ੇ ਦੀ ਚੋਣ ਕਿਵੇਂ ਕਰਨੀ ਚਾਹੀਦੀ ਹੈ?
5. ਰਾਜਨੀਤਿਕ ਲੇਖ ਕਿਸਨੂੰ ਆਖਦੇ ਹਨ?

### 1.2.6 ਸਹਾਇਕ ਪੁਸਤਕ ਸੂਚੀ

ਨਰਿੰਦਰ ਸਿੰਘ ਦੁਗਲ – ਪੰਜਾਬੀ ਵਿਆਕਰਨ ਅਤੇ ਲਿਖਤ ਰਚਨਾ

ਕਰਨੈਲ ਸਿੰਘ ਸੋਮਲ – ਨਿਵੇਕਲੇ ਪੰਜਾਬੀ ਲੇਖ

**Converted in Self Learning Mode by Dr. Satnam Singh Sandhu**

**Last Update May, 2023**

**ਪਾਠ ਨੰਬਰ : 1.3** **ਲੇਖਕ : ਅਮ੍ਰਿਤਪਾਲ ਸਿੰਘ ਬੁੱਟਰ**

# ਕਥਾ ਪੰਜਾਬ ਪੁਸਤਕ ਵਿਚਲੀਆਂ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ

1.3.1 ਉਦੇਸ਼

1.3.2 ਭੂਮਿਕਾ

1.3.3 ਪਾਠ ਦੀ ਰੂਪ -ਰੇਖਾ

- 1.3.3.1 ਖੱਬਲ
- 1.3.3.2 ਤਾਸ਼ ਦੀ ਆਦਤ
- 1.3.3.3 ਪੇਮੀ ਦੇ ਨਿਆਣੇ
- 1.3.3.4 ਮੈਨੂੰ ਟੈਗੋਰ ਬਣਾ ਦੇ ਮਾਂ
- 1.3.3.5 ਸੂਲੀ ਤੇ ਲਟਕਦੇ ਪਲ

1.3.4 ਸਿਟਾ

1.3.5 ਅਭਿਆਸ ਲਈ ਪ੍ਰਸ਼ਨ

1.3.6 ਸਹਾਇਕ ਪੁਸਤਕ ਸੂਚੀ

## 1.3.1 ਉਦੇਸ਼

ਇਸ ਪਾਠ ਦਾ ਉਦੇਸ਼ ਕਹਾਣੀ ਸੰਗ੍ਰਹਿ ਕਥਾ ਪੰਜਾਬ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ ਹੈ। ਨਿੱਕੀ ਕਹਾਣੀ ਅਜੋਕੇ ਸਮੇਂ ਵਧੇਰੇ ਮਕਬੂਲ ਸਾਹਿਤ ਰੂਪਾਂ ਵਿੱਚੋਂ ਇੱਕ ਹੈ। ਇਸ ਪਾਠ ਪੁਸਤਕ ਵਿੱਚ ਚੌਣਵੀਆਂ 21 ਕਹਾਣੀਆਂ ਨੂੰ ਦਰਜ ਕੀਤਾ ਗਿਆ ਹੈ। ਨਿੱਕੀ ਕਹਾਣੀ ਸਭ ਤੋਂ ਵੱਧ ਸਹਿਜ ਤੇ ਪ੍ਰਾਕ੍ਰਿਤਕ ਹੈ। ਇਸਦੀ ਦੀ ਸਹਿਜਤਾ ਇਸ ਪ੍ਰਕਾਰ ਕਿ ਇਸ ਦੀ ਆਲੋਚਨਾ ਲਈ ਕਹਾਣੀਕਾਰਾਂ ਤੇ ਕਹਾਣੀ ਕਲਾ ਦੀ ਮੁਹਾਰਤ ਰੱਖਣ ਵਾਲੇ ਵਿਦਵਾਨਾਂ ਨੂੰ ਬਹੁਤਾ ਜੋਰ ਦੇਣ ਦੀ ਜ਼ਰੂਰਤ ਨਹੀਂ ਹੈ। ਇਸ ਪਾਠ ਵਿੱਚ ਸ਼ਾਮਿਲ ਕਹਾਣੀਆਂ ਬਾਰੇ ਵਿਦਿਆਰਥੀਆਂ ਨੂੰ ਵਿਸ਼ਾ ਪੱਖ ਤੇ ਆਲੋਚਨਾਤਮਕ ਅਧਿਐਨ ਬਾਰੇ ਚਾਨਣਾ ਪਾਇਆ ਗਿਆ ਹੈ।

1.3.2 ਭੂਮਿਕਾ

ਇਸ ਕਹਾਣੀ ਸੰਗ੍ਰਹਿ ਦਾ ਸੰਪਾਦਕ ਡਾ. ਹਰਿਭਜਨ ਸਿੰਘ ਹੈ ਜੋ ਪੰਜਾਬੀ ਸਮੀਖਿਆ ਅਤੇ ਪੰਜਾਬੀ ਕਵਿਤਾ ਵਿੱਚ ਇੱਕ ਨਾਮਵਰ ਹਸਤਾਖਰ ਹਨ। ਕਹਾਣੀ ਸੰਗ੍ਰਹਿ ਉਹਨਾਂ ਦੀ ਤੀਖਣਬੁੱਧੀ, ਬਰੀਕਬੀਨੀ ਸੋਚ ਦਾ ਹੁੰਗਾਰਾ ਭਰਦਾ ਹੈ। ਡਾ.ਹਰਿਭਜਨ ਸਿੰਘ ਨੂੰ ਸਾਹਿਤਕ ਕਾਰਜਾਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਸਦਕਾ ਕਈ ਉਤਮ ਅਵਾਰਡ ਮਿਲ ਚੁੱਕੇ ਹਨ ਜਿਹਨਾਂ ਵਿੱਚ ਸਾਹਿਤ ਅਕਾਦਮੀ ਪੁਰਸਕਾਰ, ਕਬੀਰ ਸਨਮਾਨ ਸ਼ਾਮਿਲ ਹਨ।

ਕਥਾ ਪੰਜਾਬੀ ਕਹਾਣੀ ਸੰਗ੍ਰਹਿ ਪੰਜਾਬੀ ਦੇ ਸੁਚੇਤ ਅਤੇ ਅਚੇਤ ਸਾਲਮ ਸਬੂਤੇ ਮਨ ਦੀ ਵਾਰਤਾ ਹੈ। ਪੰਜਾਬੀ ਕਹਾਣੀ ਦਾ ਵਰਤਮਾਨ ਬੜਾ ਗਹਿਰਾ ਹੈ। ਇਹਨਾਂ ਕਹਾਣੀਆਂ ਵਿੱਚ ਪੰਜਾਬ ਦੇ ਸੱਚੇ, ਸਿਹਤਮੰਦ, ਮੋਹ -ਵਰੋਸਾਏ ਚਰਿੱਤਰ ਦਾ ਪ੍ਰਕਾਸ਼ ਝਲਕਦਾ ਹੈ। ਸ਼ਾਮਿਲ ਕਹਾਣੀਆਂ ਸਮਾਜਿਕ ਮੁੱਲਾਂ ਨੂੰ ਬੜੇ ਵੱਖਰੇ ਢੰਗ ਨਾਲ ਪ੍ਰਭਾਸ਼ਿਤ ਕਰਦੀਆਂ ਹਨ।

**1.3.3.1 ਖਬਲ**

ਕੁਲਵੰਤ ਸਿੰਘ ਵਿਰਕ ਆਧੁਨਿਕ ਨਿੱਕੀ ਪੰਜਾਬੀ ਕਹਾਣੀ ਦਾ ਸਰਵ ਸ਼੍ਰੇਸਠ ਕਹਾਣੀਕਾਰ ਹੈ ਉਸ ਰਾਹੀਂ ਆਧੁਨਿਕ ਪੰਜਾਬੀ ਕਹਾਣੀ ਵਿਚ ਵਿਲੱਖਣਤਾ ਆਈ ਹੈ ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਉਹ ਕਹਾਣੀਕਾਰ ਹੈ ਜਿਸਨੇ ਪੰਜਾਬ ਦੀ ਜੱਟ ਕਿਸਾਨੀ, ਪੇਂਡੂ ਸੱਭਿਆਚਾਰ ਅਤੇ ਸ਼ਹਿਰੀ ਮੱਧਵਰਗ ਬਾਰੇ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਹਨ। ਉਸਨੇ ਛਾਹ ਵੇਲਾ, ਧਰਤੀ ਤੇ ਅਕਾਸ਼, ਤੂੜੀ ਦੀ ਪੰਡ, ਏਕਸ ਕੇ ਹਮ ਬਾਰਿਕ, ਨਵੇਂ ਲੋਕ, ਗੋਲ੍ਹਾਂ, ਅਸਤਬਾਜ਼ੀ, ਦੁਆਦਸ਼ੀ ਆਦਿ ਕਹਾਣੀ ਸੰਗ੍ਰਿਹਆਂ ਦੀਆਂ ਰਚਨਾ ਕੀਤੀ ਹੈ। ਤੁਹਾਡੇ ਸਿਲੇਬਸ ਵਿਚ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਖੱਬਲ' ਸ਼ਾਮਿਲ ਹੈ। 'ਖੱਬਲ' ਕਹਾਣੀ ਕੁਲਵੰਤ ਸਿੰਘ ਵਿਰਕ ਦੀਆਂ ਚਰਚਿਤ ਕਹਾਣੀਆਂ ਵਿੱਚੋਂ ਇੱਕ ਹੈ। ਇਸ ਕਹਾਣੀ ਵਿਚ ਵਿਰਕ ਨੇ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਦੀ ਸਥਿਤੀ ਨੂੰ ਬੜੇ ਹੀ ਕਰੁਣਾਮਈ ਅਤੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ। ਅਸਲ ਵਿਚ ਕੁਲਵੰਤ ਸਿੰਘ ਵਿਰਕ ਉਸ ਸਮੇਂ ਫੌਜ ਵਿਚ ਅਫ਼ਸਰ ਹੋਣ ਕਾਰਨ ਇਹੋ ਜਿਹੇ ਹਾਲਤਾਂ ਨੂੰ ਨੇੜੇ ਤੋਂ ਤੱਕ ਰਿਹਾ ਸੀ। ਵੰਡ ਤੋਂ ਬਾਅਦ ਲੋਕਾਂ ਦੀ ਹਜ਼ਰਤ, ਲੁੱਟ-ਖੋਹ ਦੀ ਦਰਦਮਈ ਵੇਦਨਾ ਨੂੰ ਕੁਲਵੰਤ ਵਿਰਕ ਨੇ ਇਸ ਕਹਾਣੀ ਵਿਚ ਬਾਖ਼ੂਬੀ ਪੇਸ਼ ਕੀਤਾ ਹੈ। ਇਸ ਕਹਾਣੀ ਦੀ ਮੁੱਖ ਪਾਤਰ ਇੱਕ ਔਰਤ ਹੈ ਜੋ ਵੰਡ ਦੌਰਾਨ ਦੂਸਰੇ ਪਾਸੇ ਚੱਲੀ ਜਾਂਦੀ ਹੈ ਅਤੇ ਉਥੇ ਆਪਣਾ ਵਸੇਬਾ ਕਰਕੇ ਨਵੇਂ ਸਿਰੇ ਤੋਂ ਜ਼ਿੰਦਗੀ ਦੀ ਸ਼ੁਰੂਆਤ ਕਰਦੀ ਹੈ ਵੰਡ ਦੋਰਾਨ ਲੋਕਾਂ ਦੀ ਹਜ਼ਰਤ ਸਮੇਂ ਇਸ ਤਰ੍ਹਾਂ ਦੀ ਸਥਿਤੀ ਬਣ ਗਈ ਕਿ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਵਿਚ ਰਹਿਣ ਵਾਲੇ ਲੋਕ ਸਥਾਨ ਬਦਲ ਕਿ ਦੂਸਰੇ ਪਾਸੇ ਆ ਗਏ ਸਨ। ਇਸ ਸਮੇਂ ਜੋ ਬੇਗਾਨਗੀ, ਬੇਵਿਸ਼ਵਾਸੀ ਦਾ ਮਾਹੌਲ ਸੀ। ਉਸਨੂੰ ਕਹਾਣੀਕਾਰ ਨੇ ਆਪਣੀ ਇਸ ਕਹਾਣੀ ਵਿਚ ਬੜੀ ਬਾਖ਼ੂਬੀ ਨਾਲ ਪੇਸ਼ ਕੀਤਾ ਹੈ। ਲੇਖਕ ਨੇ ਇਸ ਕਹਾਣੀ ਵਿਚ ਜੋ ਔਰਤ ਪਾਤਰ ਲਿਆ ਹੈ ਉਹ ਵੰਡ ਤੋਂ ਬਾਅਦ ਉੱਜੜ-ਪੁੱਜੜ ਗਈ ਹੈ ਅਤੇ ਉਹ ਪਾਕਿਸਤਾਨ ਵਿਚ ਰਹਿ ਕੇ ਆਪਣਾ ਧਰਮ ਬਦਲ ਕੇ ਆਪਣੀਆਂ ਜੜ੍ਹਾਂ ਲਾਉਣਾ ਚਾਹੁੰਦੀ ਹੈ। ਉਹ ਔਰਤ ਆਪਣੀ ਨਨਾਣ ਨੂੰ ਦੁਬਾਰਾ ਮਿਲ ਕੇ ਸਮਾਜ ਵਿਚ ਆਪਣਾ ਸਥਾਨ

ਪੱਕਾ ਕਰਨਾ ਚਾਹੁੰਦੀ ਹੈ ਤਾਂ ਕਿ ਉਸਦੀ ਪੁਨਰ ਸਥਾਪਨਾ ਹੋ ਸਕੇ। ਕਹਾਣੀਕਾਰ ਨੇ ਇਸ ਕਹਾਣੀ ਦਾ ਸਿਰਲੇਖ 'ਖੱਬਲ' ਇਸ ਲਈ ਰੱਖਿਆ ਹੈ ਕਿ ਖੱਬਲ ਖੇਤ ਵਿਚ ਆਪਣੇ-ਆਪ ਉੱਗ ਆਉਣ ਵਾਲੀ ਘਾਹ ਹੈ। ਉਸਨੂੰ ਜਿੰਨ੍ਹਾਂ ਮਰਜ਼ੀ ਕੱਟ, ਵੱਡ, ਮਧੋਲ ਕਿ ਸੁੱਟ ਦਿੱਤਾ ਜਾਵੇ ਪ੍ਰੰਤੂ ਉਹ ਆਪਣੀਆਂ ਜੜ੍ਹਾਂ ਦੁਬਾਰਾ ਧਰਤੀ ਵਿਚ ਲਾ ਲੈਂਦਾਂ ਹੈ। ਇਸ ਪ੍ਰਕਾਰ ਕਹਾਣੀਕਾਰ ਨੇ 'ਖੱਬਲ' ਦੇ ਪ੍ਰਤੀਕ ਰਾਹੀਂ ਮਨੁੱਖ ਦੀ ਜ਼ਿੰਦਗੀ ਜੀਣ ਦੀ ਇੱਛਾ ਅਤੇ ਜਿੱਤ ਦੀ ਆਸ ਦਿਖਾਈ ਹੈ ਉਸਨੇ 'ਖੱਬਲ' ਦੇ ਪ੍ਰਤੀਕ ਰਾਹੀਂ ਆਪ ਮੁਹਾਰੇ ਮੁੜ ਸਥਾਪਿਤ ਹੋਣ ਦੀ ਖ਼ੁਆਹਿਸ਼ ਦਾ ਪ੍ਰਗਟਾਵਾ ਕੀਤਾ ਹੈ। ਇਸ ਕਹਾਣੀ ਵਿਚ ਕਹਾਣੀਕਾਰ ਨੇ ਵੰਡ ਦੀ ਪੀੜਤ ਔਰਤ ਪਾਤਰ ਰਾਹੀਂ ਲੱਖਾਂ ਉਹਨਾਂ ਲੋਕਾਂ, ਜਿਹੜੇ ਵੰਡ ਸਮੇਂ ਆਪਣੇ ਘਰ-ਬਾਰ ਲੁਟਾ ਕਿ ਦੂਸਰੀ ਜਗ੍ਹਾਂ ਉੱਪਰ ਰਹਿਣ ਲਈ ਮਜ਼ਬੂਰ ਹੋਏ ਦੀ ਦਰਦ ਕਹਾਣੀ ਅਤੇ ਮੁੜ ਸਥਾਪਿਤ ਹੋਣ ਦੀ ਆਸ ਦਾ ਪ੍ਰਗਟਾਵਾ ਕੀਤਾ ਹੈ। ਲੇਖਕ ਅਨੁਸਾਰ ਪੰਜਾਬੀ ਮਨੁੱਖ ਦਾ ਸੁਭਾਅ ਖੱਬਲ ਵਰਗਾ ਹੈ ਜੋ ਜ਼ਿੰਦਗੀ ਵਿਚ ਸੰਘਰਸ਼ ਕਰਦਾ ਹੋਇਆ ਆਪਣੀ ਹੋਂਦ ਨੂੰ ਕਾਇਮ ਰੱਖਦਾ ਹੈ ਅਤੇ ਪ੍ਰਤੀਕੂਲ ਸਥਿਤੀਆਂ ਦਾ ਸਹਾਮਣਾ ਕਰਦਾ ਹੋਇਆ ਜ਼ਿੰਦਗੀ ਜੀਣ ਦੀ ਆਸ ਬਣਾਈ ਰੱਖਦਾ ਹੈ। ਇਸ ਕਹਾਣੀ ਵਿਚ ਔਰਤ ਪਾਤਰ ਵੰਡ ਸਮੇਂ ਉੱਜੜ ਜਾਣ ਤੋਂ ਬਾਅਦ ਆਪਣਾ ਘਰ ਵਸਾਉਣਾ ਚਾਹੁੰਦੀ ਹੈ ਅਤੇ ਨਵੀਂ ਜ਼ਿੰਦਗੀ ਜਿਊਣ ਦੀ ਆਸ ਵਿਚ ਜੀਅ ਉੱਠਦੀ ਹੈ ਅਤੇ ਨਵੇਂ ਰਿਸ਼ਤੇ ਤਲਾਸ਼ ਕਰਦੀ ਹੈ। ਕੁਲਵੰਤ ਸਿੰਘ ਵਿਰਕ ਨੇ ਇਸ ਕਹਾਣੀ ਵਿਚ 'ਖੱਬਲ' ਦੇ ਪ੍ਰਤੀਕ ਰਾਹੀਂ ਮਨੁੱਖੀ ਸੁਭਾਅ ਦੇ ਉਸ ਪੱਖ ਦੀ ਪੇਸ਼ਕਾਰੀ ਕੀਤੀ ਹੈ ਜੋ ਵਿਪਰੀਤ ਪ੍ਰਸਥਿਤੀਆਂ ਦੇ ਸੰਗ ਜੂਝਦਾ ਹੋਇਆ ਜ਼ਿੰਦਗੀ ਜਿਊਣ ਦੀ ਆਸ ਬਣਾਈ ਰੱਖਦਾ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕੁਲਵੰਤ ਸਿੰਘ ਵਿਰਕ ਦੀ 'ਖੱਬਲ' ਕਹਾਣੀ ਪੰਜਾਬੀ ਮਨੁੱਖ ਦੀ ਜ਼ਿੰਦਾਦਿਲੀ ਅਤੇ ਜੀਣ ਦੀ ਇੱਛਾ ਨੂੰ ਪ੍ਰਗਟ ਕਰਨ ਵਾਲੀ ਕਹਾਣੀ ਹੈ।

### 1.3.3.2 ਤਾਸ਼ ਦੀ ਆਦਤ

ਪੰਜਾਬੀ ਸਾਹਿਤ ਵਿਚ ਨਾਨਕ ਸਿੰਘ ਦਾ ਸਥਾਨ ਬਹੁਤ ਉੱਘਾ ਹੈ। ਮੁੱਖ ਤੌਰ 'ਤੇ ਉਹ ਆਪਣੇ ਨਾਵਲਾਂ ਕਰਕੇ ਵਧੇਰੇ ਪ੍ਰਸਿੱਧ ਹੈ। 'ਇੱਕ ਮਿਆਨ ਤੇ ਦੋ ਤਲਵਾਰਾਂ' ਨਾਵਲ ਉੱਪਰ ਉਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲਿਆ ਹੈ। ਨਾਵਲਕਾਰੀ ਦੇ ਨਾਲ-ਨਾਲ ਪੰਜਾਬੀ ਕਹਾਣੀ ਦੇ ਮੁੱਢਲੇ ਦੌਰ ਵਿਚ ਉਸ ਦੀਆਂ ਕਹਾਣੀਆਂ ਨੇ ਵੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਉਸ ਦੀਆਂ ਕਈ ਕਹਾਣੀਆਂ ਚਰਚਿਤ ਰਹੀਆਂ ਹਨ ਅਤੇ 'ਤਾਸ਼ ਦੀ ਆਦਤ' ਵੀ ਉਸ ਦੀ ਇੱਕ ਪ੍ਰਤੀਨਿਧ ਕਹਾਣੀ ਹੈ।

ਇਸ ਕਹਾਣੀ ਦੇ ਮੁੱਖ ਪਾਤਰ ਸਬ-ਇੰਸਪੈਕਟਰ ਸ਼ੇਖ ਅਬਦੁਲ ਹਮੀਦ ਅਤੇ ਉਸ ਦਾ ਪੁੱਤਰ ਬਸ਼ੀਰਾ ਹਨ। ਮੁੱਖ ਤੌਰ 'ਤੇ ਇਸ ਕਹਾਣੀ ਵਿਚ ਸ਼ੇਖ ਅਬਦੁਲ ਹਮੀਦ ਆਪਣੇ ਪੁੱਤਰ ਬਸ਼ੀਰੇ ਨੂੰ ਇਹ ਸਮਝਾ ਰਿਹਾ ਹੈ ਕਿ ਤਾਸ਼ ਦੀ ਆਦਤ ਬਹੁਤ ਬੁਰੀ ਹੈ ਅਤੇ ਇਹ ਹੋਰ ਭ੍ਰਿਸ਼ਟਾਚਾਰ ਦੀ ਵੀ ਜੜ੍ਹ ਹੈ ਪਰ ਕਹਾਣੀ ਸਿਰਫ ਐਨੀ ਹੀ ਨਹੀਂ, ਸਗੋਂ ਇਸ ਕਹਾਣੀ ਦੇ ਡੂੰਘੇ ਅਧਿਐਨ ਨਾਲ ਹੋਰ ਵੀ ਕਈ ਪਰਤਾਂ ਸਾਡੇ ਸਾਹਮਣੇ ਆਉਂਦੀਆਂ ਹਨ। ਨਾਨਕ ਸਿੰਘ ਨੇ ਜਿਸ ਦੌਰ ਵਿਚ ਇਹ ਕਹਾਣੀ ਲਿਖੀ ਸੀ ਉਸ ਸਮੇਂ ਕਹਾਣੀ ਦੀ ਵਿਧਾ ਵਿਕਸਿਤ ਹੋ ਰਹੀਂ ਸੀ। ਨਾਨਕ ਸਿੰਘ ਆਮ ਤੌਰ 'ਤੇ ਜਦੋਂ ਕੋਈ ਕਹਾਣੀ ਸ਼ੁਰੂ ਕਰਦਾ ਹੈ ਤਾਂ ਪਾਤਰ ਦੇ ਆਲੇ-ਦੁਆਲੇ ਦੀਆਂ ਚੀਜ਼ਾਂ ਵਸਤਾਂ ਦਾ ਵਿਸਤ੍ਰਿਤ ਗਿਆਨ ਦਿੰਦਾ ਹੈ। ਇਸ ਕਹਾਣੀ ਦਾ ਆਰੰਭ ਵੀ ਸ਼ੇਖ ਅਬੁਦਲ ਹਮੀਦ ਦੇ ਕਮਰੇ ਅਤੇ ਉਸ ਵਿਚ ਪਏ ਸਾਜੋ-ਸਮਾਨ ਨਾਲ ਹੁੰਦਾ ਹੈ। ਫਿਰ ਜਦੋਂ ਬਸ਼ੀਰਾ ਅੰਦਰ ਆਉਂਦਾ ਹੈ ਤਾਂ ਉਥੋਂ ਅਸਲ ਕਹਾਣੀ ਸ਼ੁਰੂ ਹੁੰਦੀ ਹੈ। ਨਾਨਕ ਸਿੰਘ ਸ਼ੇਖ ਅਬੁਦਲ ਹਮੀਦ ਨੂੰ ਘਰ ਦੇ ਕਾਰ-ਵਿਹਾਰ ਵਿਚ ਵੀ ਇੱਕ ਸਬ-ਇੰਸਪੈਕਟਰ ਵਾਂਗ ਉਘਾੜਦਾ ਹੈ। ਆਪਣੇ ਪੁੱਤਰ ਦੇ ਨਾਲ ਹੀ ਉਹ ਸਬ-ਇੰਸਪੈਕਟਰ ਵਾਂਗ ਹੀ ਵਿਹਾਰ ਕਰਦਾ ਹੈ ਖ਼ਾਸ ਤੌਰ 'ਤੇ ਜਦੋਂ ਉਹ ਉਸ ਤੋਂ ਤਾਸ਼ ਖੇਡਣ ਦੀ ਆਦਤ ਬਾਰੇ ਮਨਵਾਉਂਦਾ ਹੈ:

"ਮੈਂ ਤੇਰੇ ਤੇ ਬੜਾ ਖ਼ੁਸ ਹਾਂ ਕਿ ਤੂੰ ਆਖ਼ਰ ਸੱਚ ਦੱਸ ਦਿੱਤਾ। ਅਸਲ ਵਿਚ ਬਸ਼ੀਰਾ ਮੈਂ ਆਪ ਤੇ ਨਹੀਂ ਸੀ ਵੇਖਿਆ, ਕਿਸੇ ਤੋਂ ਸੁਣਿਆ ਸੀ। ਇਹ ਤੇ ਤੈਨੂੰ ਇਕਬਾਲ ਕਰਾਉਣ ਦਾ ਇਕ ਤਰੀਕਾ ਸੀ। ਬਹੁਤ ਸਾਰੇ ਮੁਲਾਜ਼ਮਾਂ ਨੂੰ ਅਸੀਂ ਇਸੇ ਤਰ੍ਹਾਂ ਦੇ ਬਕਾ ਲੈਂਦੇ ਹਾਂ।"

ਪੂਰੀ ਕਹਾਣੀ ਵਿਚ ਉਸ ਦੀ ਭਾਸ਼ਾ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਉਹ ਅੰਤ ਤੱਕ ਇਸੇ ਤਰ੍ਹਾਂ ਦੀ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਉਹ ਖ਼ੁਦ ਸਮਝਦਾ ਹੈ ਕਿ ਉਹ ਆਪਣੇ ਬੇਟੇ ਨਾਲ ਬਹੁਤ ਪਿਆਰ ਨਾਲ ਗੱਲ ਕਰਦਾ ਹੈ। ਪਰ ਅਸਲ ਵਿਚ ਉਸ ਦਾ ਵਿਹਾਰ ਤੇ ਭਾਸ਼ਾ ਕਾਨੂੰਨੀ ਹੀ ਰਹਿੰਦੇ ਹਨ। ਇਸ ਦੇ ਉਲਟ ਉਸਦਾ ਬੇਟਾ ਜ਼ਿਆਦਾ ਵਿਹਾਰਕ ਹੈ ਅਤੇ ਸੱਚ ਬੋਲਦਾ ਹੈ ਇਸ ਕਹਾਣੀ ਵਿਚ ਇਹ ਵਿਰੋਧ ਸਾਨੂੰ ਥਾਂ-ਥਾਂ ਤੇ ਦੇਖਣ ਨੂੰ ਮਿਲਦਾ ਹੈ। ਇਕ ਪਾਸੇ ਸ਼ੇਖ ਅਬੁਦਲ ਹਮੀਦ ਸਬ-ਇੰਸਪੈਕਟਰ ਦੇ ਵੱਡੇ ਅਹੁਦੇ 'ਤੇ ਹੈ ਅਤੇ ਇਕ ਜ਼ਿੰਮੇਦਾਰ ਇਨਸਾਨ ਹੈ। ਆਪਣੇ ਮੁੰਡੇ ਨੂੰ ਤਾਸ਼ ਖੇਡਣ ਦੀ ਆਦਤ ਤੋਂ ਹਟਾ ਰਿਹਾ ਹੈ ਪਰ ਦੂਸਰੇ ਪਾਸੇ ਉਸ ਦਾ ਆਪਣਾ ਸੰਸਾਰ ਭ੍ਰਸ਼ਟ ਹੈ ਅਤੇ ਉਹ ਖ਼ੁਦ ਰਿਸ਼ਵਤ ਲੈਂਦਾ ਹੈ।

ਸ਼ੇਖ ਅਬੁਦਲ ਹਮੀਦ ਆਪਣੇ ਜਾਗਦੇ ਅੰਦਰ ਨਾਲ ਭ੍ਰਸ਼ਟਾਚਾਰ ਦਾ ਹਿੱਸਾ ਹੈ। ਦੂਸਰੇ ਪਾਸੇ ਉਸ ਦੇ ਪੁੱਤਰ ਜੋ ਮਨਾਹੀ ਦੀਆਂ ਗੱਲਾਂ ਸੁਣ ਰਿਹਾ ਹੈ ਉਹ ਨੀਂਦ ਨਾਲ ਉਂਘ ਰਿਹਾ ਹੈ। ਇਸ ਤਰ੍ਹਾਂ ਦਾ ਕਟਾਖਸ਼ ਸਾਨੂੰ ਜਗ੍ਹਾਂ-ਜਗ੍ਹਾਂ ਤੇ ਦੇਖਣ ਨੂੰ ਮਲਦਾ ਹੈ ਅਤੇ ਇਹਨਾਂ ਦੋਹਾਂ ਪਾਤਰਾਂ ਆਪਸੀ ਵਿਹਾਰਕ ਵਿਰੋਧ ਨੂੰ ਵੀ ਉਜਾਗਰ ਕਰਦਾ ਹੈ।

ਇਕ ਹੋਰ ਜਗ੍ਹਾਂ ਤੇ ਜਦੋਂ ਸ਼ੇਖ ਅਬੁਦਲ ਹਮੀਦ ਆਪਣੇ ਪੁੱਤਰ ਬਸ਼ੀਰੇ ਅੱਗੇ ਖ਼ਰਬੂਜੇ ਨੂੰ ਦੇਖ ਕੇ ਖ਼ਰਬੂਜੇ ਦਾ ਰੰਗ ਬਦਲਣ ਦੀ ਉਦਾਹਰਨ ਰੱਖਦਾ ਹੈ ਤਾਂ ਬਸ਼ੀਰਾ ਹੋਰ ਪਾਸਿਓ ਬਿਆਨ ਹਟਾ ਕੇ ਆਪਣੇ ਪਿਤਾ ਵੱਲ ਇਸ ਤਰ੍ਹਾਂ ਝਾਕਦਾ ਹੈ ਜਿਵੇਂ ਕਿ ਉਸ ਨੂੰ ਸਚਮੁਚ ਹੀ ਖਾਣ ਲਈ ਖ਼ਰਬੂਜਾ ਮਿਲੇਗਾ। ਇਸ ਤਰ੍ਹਾਂ ਉਹਨਾਂ ਦੀ ਸਥਿਤੀ ਵਿਚ ਸਹਿਜੇ ਹੀ ਵਿਰੋਧ ਹੈ। ਇਕ ਸਬ-ਇੰਸਪੈਕਟਰ ਪਿਤਾ ਆਪਣੇ ਪੁੱਤਰ ਨੂੰ ਨਸੀਹਤ ਦੇ ਰਿਹਾ ਹੈ ਜਦ ਕਿ ਉਹ ਖ਼ੁਦ ਗ਼ਲਤ ਰਸਤੇ ਉੱਪਰ ਚੱਲ ਰਿਹਾ ਹੈ ਅਤੇ ਦੂਸਰੇ ਪਾਸੇ ਪੁੱਤਰ ਇਸ ਨਸੀਹਤ ਤੋਂ ਅਣਜਾਣ ਹੋਣ ਦੇ ਬਾਵਜੂਦ ਵੀ ਸੱਚ ਦੇ ਰਸਤੇ ਤੇ ਚੱਲਣ ਵਾਲਾ ਹੈ। ਦੁਨੀਆਂ ਦੇ ਤਜ਼ਰਬੇ ਵਾਲੇ ਸਬ-ਇੰਸਪੈਕਟਰ ਨਾਲੋਂ ਭੋਲੇ-ਭਾਲੇ ਬੱਚੇ ਦੀ ਸਥਿਤੀ ਜ਼ਿਆਦਾ ਮਾਨਵੀ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਨਾਨਕ ਸਿੰਘ ਨੇ ਇਸ ਕਹਾਣੀ ਰਾਹੀਂ ਬੜੇ ਹੀ ਸਰਲ ਅਤੇ ਸਹਿਜ ਤਰੀਕੇ ਨਾਲ ਸਮਾਜਿਕ ਢਾਂਚੇ ਉੱਪਰ ਵਿਅੰਗ ਕਰਦਿਆ ਸਮਾਜ ਸੁਧਾਰ ਵਾਲੀ ਕਹਾਣੀ ਪੇਸ਼ ਕੀਤੀ ਹੈ।

## 1.3.3.3 ਪੇਮੀ ਦੇ ਨਿਆਣੇ

ਸੰਤ ਸਿੰਘ ਸੇਖੋਂ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਸੀ। ਉਹ ਪੰਜਾਬੀ ਦਾ ਸਫ਼ਲ ਗਲਪਕਾਰ, ਨਾਟਕਕਾਰ ਅਤੇ ਖੋਜੀ ਆਲੋਚਕ ਸਨ। 1972 ਈ. ਵਿਚ ਉਹਨਾਂ ਨੂੰ 'ਮਿੱਤਰ ਪਿਆਰਾ' ਨਾਟਕ ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਭਾਰਤ ਸਰਕਾਰ ਵੱਲੋਂ ਉਹਨਾਂ ਨੂੰ 'ਪਦਮਸ੍ਰੀ' ਨਾਲ ਵੀ ਸਨਮਾਨਿਤ ਕੀਤਾ ਗਿਆ। ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਨੂੰ ਪ੍ਰਗਤੀਵਾਦੀ ਰਾਹਾਂ ਤੇ ਤੋਰਨ ਵਾਲਿਆਂ ਵਿਚ ਅਹਿਮ ਸਥਾਨ ਰੱਖਣ ਵਾਲਾ ਕਹਾਣੀਕਾਰ ਹੈ। ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਿਹ- ਸਮਾਚਾਰ, ਕਾਮੇ ਤੇ ਯੋਧੇ, ਬਾਰਾਂਦਰੀ, ਅੱਧੀ ਵਾਟ, ਤੀਜਾ ਪਹਿਰ ਅਤੇ ਸਿਆਣਪ ਹਨ।

'ਪੇਮੀ ਦੇ ਨਿਆਣੇ' ਕਹਾਣੀ 'ਸਮਾਚਾਰ' ਕਹਾਣੀ ਸੰਗ੍ਰਿਹ ਵਿਚ ਦਰਜ ਸੰਤ ਸਿੰਘ ਸੇਖੋਂ ਦੀ ਪ੍ਰਮੁੱਖ ਕਹਾਣੀ ਹੈ। ਪੇਮੀ ਦੇ ਨਿਆਣੇ ਕਹਾਣੀ ਵਿਚ ਕਹਾਣੀਕਾਰ ਦੋ ਮਾਸੂਮ ਬਾਲ-ਪਾਤਰਾਂ ਦੀ ਮਾਨਸਿਕ ਦਿਸ਼ਾ ਤੇ ਕਹਾਣੀ ਉਸਾਰਦਾ ਹੈ। ਇਸ ਕਹਾਣੀ ਵਿਚ ਕਹਾਣੀਕਾਰ ਨੇ ਮਾਂ ਦੇ ਨਾਂ ਦਾ ਔਖੀ ਘੜੀ ਸਮੇਂ ਸਹਾਰਾ ਬਣਨ ਦੇ ਤੱਥ ਨੂੰ

ਸੱਚ ਵਜੋਂ ਪੇਸ਼ ਕਰਦਾ ਹੈ। ਪੂਰੀ ਕਹਾਣੀ ਪਿੱਛਲਝਾਤ ਵਿਧੀ ਰਾਹੀਂ 'ਮੈਂ' ਪਾਤਰ ਅਤੇ ਉਸ ਦੀ ਵੱਡੀ ਭੈਣ ਦੇ ਦੁਆਲੇ ਘੁੰਮਦੀ ਹੈ

ਕਹਾਣੀ ਦਾ ਆਰੰਭ ਕਹਾਣੀਕਾਰ ਨੇ ਇਹ ਕਹਿ ਕੇ ਕੀਤਾ ਹੈ ਕਿ ਇਹ ਘਟਨਾ ਵੀਹ ਕੁ ਸਾਲ ਪੁਰਾਣੀ ਹੈ ਜਦੋਂ ਉਹ ਸੱਤ ਸਾਲ ਦਾ ਹੁੰਦਾ ਸੀ। ਮੁੱਖ ਤੌਰ 'ਤੇ ਇਹ ਕਹਾਣੀ 'ਮੈਂ' ਪਾਤਰ ਦੇ ਪਿੰਡ ਕੋਲ ਦੀ ਲੰਘਦੀ ਇਕ ਜਰਨੈਲੀ ਸੜਕ ਦੇ ਦੁਆਲੇ ਘੁੰਮਦੀ ਹੈ ਜਿਸ ਨੂੰ ਪਾਰ ਕਰਨ ਤੋਂ ਬੱਚਿਆਂ ਨੂੰ ਬਹੁਤ ਡਰ ਲੱਗਦਾ ਸੀ। ਅਤੇ ਇਸ ਡਰ ਦਾ ਮੁੱਖ ਕਾਰਨ ਲੇਖਕ ਆਪਣੇ ਮਜ਼ਬ ਨਾਲ ਜੋੜਦਾ ਹੈ:

"ਅਸਾਡੀ ਮਜ਼੍ਹਬੀ ਤਰਬੀਅਤ ਵੀ ਕੁੱਝ ਇਸ ਕਿਸਮ ਦੀ ਸੀ ਕਿ ਅਜਿਹੇ ਡਰ ਅਸਾਡੇ ਸੁਭਾਵਾਂ ਦਾ ਹਿੱਸਾ ਬਣ ਗਏ ਸਨ। ਅਸੀਂ ਘਰ ਸਿਆਣਿਆਂ ਕੋਲੋਂ ਨਰਕ ਸਵਰਗ ਦੀਆਂ ਕਹਾਣੀਆਂ ਹਰ ਰੋਜ ਸ਼ਾਮ ਨੂੰ ਸੁਣਦੇ।"

ਇਸ ਤਰ੍ਹਾਂ ਕਹਾਣੀਕਾਰ ਨੇ ਮਜ਼੍ਹਬ ਨੂੰ ਡਰ ਤੋਂ ਮੁਕਤ ਕਰਨ ਲਈ ਬਣੀ ਢਾਲ ਦੇ ਤੌਰ 'ਤੇ ਨਹੀਂ ਬਲਕਿ ਡਰ ਪੈਦਾ ਕਰਨ ਵਾਲੇ ਕਾਰਨ ਦੇ ਤੌਰ 'ਤੇ ਪੇਸ਼ ਕੀਤਾ ਹੈ ਅਤੇ ਜਰਨੈਲੀ ਸੜਕ ਦੇ ਭਵਸਾਗਰ ਨੂੰ ਪਾਰ ਕਰਨ ਲਈ ਵੀ ਪ੍ਰਮਾਤਮਾ ਦਾ ਨਾਮ ਸਹਾਰਾ ਨਹੀਂ ਬਣਦਾ ਬਲਕਿ ਮਾਂ ਦਾ ਨਾਮ ਹੀ ਸਹਾਰਾ ਬਣਦਾ ਹੈ।

ਉਸ ਜਰਨੈਲੀ ਸੜਕ ਵੱਲੋਂ ਧਿਆਨ ਹਟਾਉਣ ਲਈ ਮੈਂ ਪਾਤਰ ਦੀ ਵੱਡੀ ਭੈਣ ਉਸ ਨੂੰ ਰਾਜੇ ਰਾਣੀ ਦੀ ਕਹਾਣੀ ਸੁਣਾਉਂਦੀ ਹੈ। ਇਸ ਤਰ੍ਹਾਂ ਕਹਾਣੀਕਾਰ ਨੇ ਕਹਾਣੀ ਅੰਦਰ ਕਹਾਣੀ ਵਿਧੀ ਦਾ ਪ੍ਰਯੋਗ ਕੀਤਾ ਹੈ। ਇਹ ਕਹਾਣੀ ਜੋ ਸੁਣਾਈ ਜਾ ਰਹੀ ਹੈ ਇਸ ਦਾ ਮੁੱਖ ਮੁਕਸਦ ਡਰ ਨੂੰ ਆਪਣੇ ਮਨ ਵਿੱਚੋਂ ਦੂਰ ਕਰਦਾ ਹੈ ਨਹੀਂ ਤਾਂ ਭਾਰਤੀ ਸਭਿਆਚਾਰ ਵਿਚ ਦਿਨ-ਦਹਾੜੇ ਕਹਾਣੀ ਸੁਣਾਉਣ ਦੀ ਵੀ ਮਨਾਹੀ ਹੈ:

"ਭਾਵੇਂ ਅਸਾਨੂੰ ਦੋਹਾਂ ਨੂੰ ਪਤਾ ਸੀ ਕਿ ਦਿਨੇ ਕਹਾਣੀਆਂ ਪਾਉਣ ਕਰਕੇ ਰਾਹੀ ਰਾਹ ਭੁੱਲ ਜਾਂਦੇ ਹਨ, ਅਸਾਂ ਇਕ ਦੂਜੇ ਨੂੰ ਇਹ ਚੇਤਾ ਵੀ ਨਾ ਕਰਵਾਈ, ਤੇ ਇਸ ਸੂਝ ਨੂੰ ਆਪਣੇ ਦਿਲਾਂ ਤੇ ਅਸਰ ਨਾ ਕਰਨ ਦਿੱਤਾ।"

ਇਸ ਤਰ੍ਹਾਂ ਇਸ ਕਹਾਣੀ ਵਿਚ ਕਹਾਣੀਕਾਰ ਪਰੰਪਰਾ ਭੰਜਕ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ। ਉਹ ਵਹਿਮਾਂ-ਭਰਮਾਂ ਅਤੇ ਧਰਮ ਦੀਆਂ ਵਲਗਣਾਂ ਦੇ ਵਿਰੋਧ ਵਿਚ ਖੜ੍ਹਾ ਹੁੰਦਾ ਹੈ। ਉਹਨਾਂ ਦੋਹਾਂ ਬੱਚਿਆਂ ਦੀ ਬਾਤ ਉਸ ਸਮੇਂ ਖਲੋ ਜਾਂਦੀ ਹੈ ਜਦੋਂ ਉਹਨਾਂ ਨੂੰ ਆਪਣੇ ਵੱਲ ਆਉਂਦਾ ਇਕ ਆਦਮੀ ਦਿਖਾਈ ਦਿੰਦਾ ਹੈ ਜਿਸ ਦੇ ਆਸਰੇ ਨਾਲ ਉਹ ਸੜਕ ਪਾਰ ਕਰਨ ਬਾਰੇ ਸੋਚਦੇ ਹਨ ਪਰ ਉਹ ਆਦਮੀ ਹੋਰ ਪਾਸੇ ਚੱਲਾ ਜਾਂਦਾ ਹੈ। ਫਿਰ ਉਹਨਾਂ ਦੇ ਮਨ ਵਿਚ ਇਕ ਯੁੱਧ ਸ਼ੁਰੂ ਹੁੰਦਾ ਹੈ ਉਹਨਾਂ ਨੂੰ ਸੜਕ ਉੱਪਰ ਇਕ ਰਾਸ਼ਾ ਦਿਖਾਈ ਦਿੰਦਾ ਹੈ। 'ਮੈਂ' ਪਾਤਰ ਪ੍ਰਮਾਤਮਾ ਦੇ ਨਾਮ ਦਾ ਸਹਾਰਾ ਲੈਣ ਲਈ ਕਹਿੰਦਾ ਹੈ ਪਰ ਉਸ ਦੀ ਵੱਡੀ ਭੈਣ ਦਾ ਕਹਿਣਾ ਹੈ ਕਿ "ਵਾਹਿਗੁਰੂ ਤੋਂ ਭੂਤ ਪ੍ਰੇਤ ਡਰਦੇ ਨੇ, ਆਦਮੀ ਨੀ ਡਰਦੇ," ਇਹ ਕਹਾਣੀਕਾਰ ਦਾ ਸਾਡੇ ਸਮਾਜ ਉੱਪਰ ਕੀਤਾ ਗਿਆ ਕਟਾਖਸ਼ ਹੈ। ਅਖ਼ੀਰ ਉਹਨਾਂ ਬੱਚਿਆਂ ਨੂੰ ਸਭ ਤੋਂ ਵੱਡਾ ਸਹਾਰਾ ਆਪਣੀ ਮਾਂ ਦਾ ਨਾਮ ਹੀ ਲੱਗਦਾ ਹੈ ਅਤੇ ਉਹ ਆਪਣੀ ਮਾਂ ਦਾ ਨਾਮ ਲੈ ਕੇ ਸੜਕ ਪਾਰ ਹੋ ਜਾਂਦੇ ਹਨ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸੰਤ ਸਿੰਘ ਸੇਖੋਂ ਨੇ ਪੇਮੀ ਦੇ ਨਿਆਣੇ ਕਹਾਣੀ ਵਿਚ ਬਾਲ-ਮਨ ਵਿਚ ਬੈਠੇ ਡਰ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ।

### 1.3.3.4 ਮੈਨੂੰ ਟੈਗੋਰ ਬਣਾ ਦੇ ਮਾਂ !

ਮੋਹਨ ਭੰਡਾਰੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਨਾਮਵਰ ਕਹਾਣੀਕਾਰ ਹੈ। ਉਸ ਦਾ ਜਨਮ 1937 ਈਸਵੀ ਵਿਚ ਹੋਇਆ। ਉਸ ਨੇ ਐਲ.ਐਲ.ਬੀ. ਤੱਕ ਪੜ੍ਹਾਈ ਕੀਤੀ। ਪੰਜਾਬੀ ਕਹਾਣੀ ਸਾਹਿਤ ਨੂੰ ਹੁਣ ਤੱਕ ਉਹ ਤਿਲਚੌਲੀ, ਮਨੁੱਖ ਦੀ ਪੈੜ, ਕਾਠ ਦੀ ਲੱਤ, ਮੂਨ ਦੀ ਅੱਖ ਆਦਿ ਕਹਾਣੀ ਸੰਗ੍ਰਿਹ ਦੇ ਕੇ ਚੁੱਕਾ ਹੈ।

ਮੈਨੂੰ ਟੈਗੋਰ ਬਣਾ ਦੇ ਮਾਂ ! ਕਹਾਣੀ ਵਿਚ ਬਦਰੂ ਹੁਸ਼ਿਆਰ ਤੇ ਪ੍ਰਤਿਭਾਵਾਨ ਹੈ। ਪਰੰਤੂ ਉਹ ਆਰਥਿਕ ਤੌਰ ’ਤੇ ਸੁਵਿਧਾ-ਸੰਪੰਨ ਨਹੀਂ। ਇਸ ਕਰਕੇ ਉਸ ਦੀ ਹੁਸ਼ਿਆਰੀ ਤੇ ਪ੍ਰਤਿਭਾ ਦਾ ਕੋਈ ਮੁੱਲ ਨਹੀਂ ਪੈਂਦਾ। ਇਸ ਕਹਾਣੀ ਵਿਚ ਇਹ ਦਰਸਾਇਆ ਗਿਆ ਹੈ ਕਿ ਗ਼ਰੀਬ ਦੀਆਂ ਆਸਾਂ ਕਦੇ ਪੂਰੀਆਂ ਨਹੀਂ ਹੁੰਦੀਆਂ। ਆਰਥਿਕ ਗ਼ਰੀਬੀ ਗ਼ਰੀਬ ਦੀਆਂ ਮੁਸ਼ਕਿਲਾਂ ਦੀ ਮਾਂ ਹੁੰਦੀ ਹੈ। ਇਕ ਗ਼ਰੀਬ ਘਰ ਵਿਚ ਜੰਮਿਆ ਵਿਅਕਤੀ ਜਿੰਨਾ ਮਰਜ਼ੀ ਹੁਸ਼ਿਆਰ ਹੋਵੇ, ਪ੍ਰਤਿਭਾਵਾਨ ਹੋਵੇ ਪਰ ਉਹ ਕਦੇ ਅੱਗੇ ਨਹੀਂ ਆ ਸਕਦਾ। ਉਹ ਜਿੰਨੀ ਮਰਜ਼ੀ ਵਧੀਆ ਕਵਿਤਾ ਲਿਖ ਸਕਦਾ ਹੋਵੇ ਪਰ ਕਦੇ ਵਧੀਆ ਕਵੀ ਨਹੀਂ ਬਣ ਸਕਦਾ। ਉਸ ਦੀ ਆਰਥਿਕ ਮੰਦਹਾਲੀ ਉਸ ਦੀ ਸਫਲਤਾ ਦੇ ਰਾਹ ਵਿਚ ਹਮੇਸ਼ਾ ਰੋੜਾ ਬਣਦੀ ਹੈ।

ਮੈਨੂੰ ਟੈਗੋਰ ਬਣਾ ਦੇ ਮਾ ! ਵਿਚ ਅਧਿਆਪਕ, ਗ਼ਰੀਬ ਘਰ ਦੇ ਹੁਸ਼ਿਆਰ ਬੱਚੇ ਬਦਰੂ ਦੁਆਰਾ ਲਿਖੀ ਕਵਿਤਾ ਨੂੰ ਸੁਣ ਕੇ ਕਹਿੰਦਾ ਹੈ ਕਿ ਉਹ ਵੀ ਇਕ ਦਿਨ ਟੈਗੋਰ ਬਣੇਗਾ। ਪਰ ਅਧਿਆਪਕ ਟੈਗੋਰ ਅਤੇ ਬਦਰੂ ਦੇ ਹਾਲਾਤ ਵਿਚਲੇ ਅੰਤਰ ਬਾਰੇ ਨਹੀਂ ਸੋਚਦਾ। ਟੈਗੋਰ ਨੇ ਕਦੇ ਜ਼ਮੀਨ ’ਤੇ ਪੈਰ ਨਹੀਂ ਸੀ ਰੱਖਿਆ। ਉਹ ਬਹੁਤ ਅਮੀਰ ਘਰਾਣੇ ਨਾਲ ਸੰਬੰਧ ਰੱਖਦਾ ਸੀ। ਦੂਜੇ ਪਾਸੇ ਬਦਰੂ ਹਮੇਸ਼ਾ ਮਿੱਟੀ ਵਿਚ ਮਿੱਟੀ ਹੋਇਆ ਰਹਿੰਦਾ ਹੈ। ਉਹ ਗਧਿਆਂ ਉੱਤੇ ਇੱਟਾਂ ਢੋਂਦਾ ਹੈ। ਉਸ ਨੂੰ ਆਪਣੀ ਪੜ੍ਹਾਈ ਵੀ ਵਿਚਾਲੇ ਛੱਡਣੀ ਪਈ ਕਿਉਂਕਿ ਉਸ ਦੇ ਪਿਉ ਦਾ ਪਾਸਾ ਮਾਰੇ ਜਾਣ ਉਪਰੰਤ ਘਰ ਵਿਚ ਕੋਈ ਕਮਾਉਣ ਵਾਲਾ ਨਹੀਂ ਸੀ।

ਟੈਗੋਰ ਬਣਨ ਦੀ ਚਾਹਤ ਰੱਖਣ ਵਾਲਾ ਬਦਰੂ ਤਾਂ ਆਪਣੀ ਇੰਨੀ ਕੁ ਇੱਛਾ ਵੀ ਪੂਰੀ ਨਹੀਂ ਕਰ ਸਕਦਾ ਕਿ ਉਹ ਪਿੰਡ ਦੇ ਸਕੂਲ ਵਿਚ ਆਏ ਨੇਤਾ ਦਾ ਭਾਸ਼ਣ ਹੀ ਸੁਣ ਲਵੇ। ਇੱਟਾਂ ਦਾ ਗੇੜਾ ਲਾਹ ਕੇ ਖੂਹ ਤੇ ਬੈਠ ਪਾਣੀ ਪੀਣ ਤੇ ਗੁੜ ਖਾਣ ਨੂੰ ਵੀ ਉਹ ਮੁਲਤਵੀ ਕਰ ਦਿੰਦਾ ਹੈ ਕਿ ਮਤੇ ਨੇਤਾ ਜੀ ਆ ਕੇ ਚਲੇ ਨਾ ਜਾਣ। ਪਰੰਤੂ ਜਦ ਉਹ ਸਕੂਲ ਪਹੁੰਚਦਾ ਹੈ ਤੇ ਭਾਸ਼ਣ ਸੁਣਨ ਲੱਗਦਾ ਹੈ ਤਾਂ ਉਸ ਘਸੁੰਨ ਵੱਜਣੇ ਸ਼ੁਰੂ ਹੋ ਜਾਂਦੇ ਹਨ। ਇਕ ਜੱਟ ਉਸ ਨੂੰ ਗਾਲ੍ਹਾਂ ਦੇ ਰਿਹਾ ਹੁੰਦਾ ਹੈ ਤੇ ਉਸ ਦੇ ਘਸੁੰਨ ਮਾਰ ਰਿਹਾ ਹੁੰਦਾ ਹੈ। ਕਿਉਂਕਿ ਬਦਰੂ ਦੇ ਗਧੇ ਜੱਟ ਦੇ ਖੇਤ ਵਿਚ ਵੜ ਕੇ ਉਸ ਦੀ ਫਸਲ ਖਰਾਬ ਕਰ ਰਹੇ ਹੁੰਦੇ ਹਨ। ਬਦਰੂ ਹੀਣਤਾ ਦਾ ਮਾਰਿਆ ਚੁੱਪ-ਚਾਪ ਉੱਠ ਕੇ ਗਧੇ ਨੂੰ ਹਿੱਕ ਕੇ ਬਿਨਾਂ ਭਾਸ਼ਣ ਸੁਣੇ ਤੁਰ ਪੈਂਦਾ ਹੈ ਤੁਰਦਾ-ਤੁਰਦਾ ਉਹ ਧੂੜ ਵਿਚ ਗੁਆਚ ਜਾਂਦਾ ਹੈ।

ਬਦਰੂ ਵਾਂਗ ਅੱਜ ਵੀ ਬਹੁਤ ਸਾਰੇ ਲੋਕ ਆਰਥਿਕ ਮੰਦਹਾਲੀ ਕਰਕੇ ਪ੍ਰਤਿਭਾਵਾਨ ਹੋਣ ਦੇ ਬਾਵਜੂਦ ਅੱਗੇ ਨਹੀਂ ਆ ਪਾਉਂਦੇ। ਪੈਸੇ ਦੀ ਕਿੱਲਤ ਉਹਨਾਂ ਦੀ ਤਰੱਕੀ ਵਿਚ ਰੋੜਾ ਬਣਦੀ ਹੈ। ਉਹ ਹਰ ਸੰਭਵ ਕੋਸ਼ਿਸ਼ ਕਰਦੇ ਹਨ ਪਰੰਤੂ ਉਹਨਾਂ ਦੀਆਂ ਆਸ਼ਾਂ ਉੱਤੇ ਹਮੇਸ਼ਾ ਆਰਥਿਕਤਾ ਦਾ ਪਾਣੀ ਫਿਰਦਾ ਰਹਿੰਦਾ ਹੈ।

## 1.3.3.5 ਸੂਲੀ ਤੇ ਲਟਕਦੇ ਪਲ

ਅਜੀਤ ਕੌਰ ਪੰਜਾਬੀ ਦੀ ਤੀਜੇ ਪੜਾਅ ਦੀ ਪ੍ਰਸਿੱਧ, ਨਿਡਰ ਤੇ ਬੇਬਾਕ ਕਹਾਣੀਕਾਰ ਹੈ। ਉਸ ਨੇ ਐੱਮ.ਏ. (ਅਰਥ-ਸ਼ਾਸਤਰ) ਤੱਕ ਦੀ ਪੜ੍ਹਾਈ ਕੀਤੀ। ਉਹ ਪੇਸ਼ੇ ਵਜੋਂ ਪੱਤਰਕਾਰ ਸੀ। ਉਸ ਨੇ ਹੁਣ ਤੱਕ ਪੰਜਾਬੀ ਸਾਹਿਤ ਨੂੰ ਗੁਲਬਾਨੋ, ਮਹਿਕ ਦੀ ਮੌਤ, ਬੁਤ-ਸ਼ਿਕਨ, ਫਾਲਤੂ ਔਰਤ, ਸਾਵੀਆਂ ਚਿੜੀਆਂ, ਮੌਤ ਅਲੀ ਬਾਬੇ ਦੀ, ਨਾ ਮਾਰੋ, ਆਪਣੇ ਆਪਣੇ ਜੰਗਲ ਕਹਾਣੀ ਸੰਗ੍ਰਹਿ ਦਿੱਤੇ। ਉਸ ਦੀਆਂ ਪ੍ਰਸਿੱਧ ਕਹਾਣੀਆਂ ਫਾਲਤੂ ਔਰਤ, ਗੁਲਬਾਨੋ, ਮੌਤ ਅਲੀ ਬਾਬੇ ਦੀ, ਇੰਤਜ਼ਾਰ ਆਦਿ ਹਨ। ਉਸ ਨੇ ਆਪਣੀਆਂ ਕਹਾਣੀਆਂ ਰਾਹੀਂ ਔਰਤ ਮਨ ਦੀ ਅੰਤਰ ਪੀੜਾ ਬਿਆਨ ਕੀਤਾ ਹੈ।

ਅਜੀਤ ਕੌਰ ਨੇ ਆਪਣੀਆਂ ਕਹਾਣੀਆਂ ਵਿਚ ਵਧੇਰੇ ਕਰਕੇ ਸ਼ਹਿਰੀ, ਸੁਵਿਧਾ-ਸੰਪੰਨ ਤੇ ਸੁਤੰਤਰ ਇਸਤਰੀ ਦੀ ਗੱਲ ਕੀਤੀ ਹੈ। ਆਰਥਕ ਤੌਰ ’ਤੇ ਆਤਮ-ਸੰਪੰਨ, ਮਹਾਂਨਗਰ ਵਿਚ ਰਹਿਣ ਕਰਕੇ ਸਮਾਜਕ ਰੋਕ-ਟੋਕ

ਤੋਂ ਸੁਤੰਤਰ ਹੋਣ ਸਦਕਾ ਸ਼ਹਿਰੀ ਇਸਤਰੀ ਹੋਰਨਾਂ ਕਸ਼ਟਾਂ ਤੋਂ ਤਾਂ ਨਿਜ਼ਾਤ ਪਾ ਲੈਂਦੀ ਹੈ, ਆਪਣਾ ਜੀਵਨ ਆਪਣੀ ਮਰਜ਼ੀ ਮੁਤਾਬਕ ਜੀਉਂਦੀ ਹੈ ਪਰੰਤੂ ਕੁਝ ਕਸ਼ਟ ਅਜਿਹੇ ਹੁੰਦੇ ਹਨ ਜਿਹੜੇ ਸੰਪੰਨਤਾ ਤੇ ਸੁਤੰਤਰਤਾ ਦੇ ਬਾਵਜੂਦ ਵੀ ਖ਼ਤਮ ਨਹੀਂ ਹੁੰਦੇ। ਅਜੀਤ ਕੌਰ ਨੇ ਇਹਨਾਂ ਕਸ਼ਟਾਂ ਦਾ ਆਪਣੀਆਂ ਕਹਾਣੀਆਂ ਵਿਚ ਸਹਿਜ ਪ੍ਰਗਟਾਵਾ ਕੀਤਾ ਹੈ। ਅਜੀਤ ਕੌਰ ਦੀਆਂ ਕਹਾਣੀਆਂ ਦੀ ਇਹ ਵਿਸ਼ੇਸ਼ਤਾ ਹੈ ਕਿ ਉਹਨਾਂ ਵਿਚ ਕਾਮ-ਉਤੇਜਕ ਪ੍ਰਸੰਗਾਂ ਨੂੰ ਨਿਸੰਗਤਾ ਨਾਲ ਪੇਸ਼ ਕੀਤਾ ਹੈ। ਉਸ ਦੀਆਂ ਕਹਾਣੀਆਂ ਵਿਚਲੀ ਵਿਅੰਗਮਈ ਸ਼ੈਲੀ ਉਨ੍ਹਾਂ ਨੂੰ ਹੋਰ ਵੀ ਰੌਚਕ ਬਣਾਉਂਦੀ ਹੈ

'ਸੂਲੀ ਤੇ ਲਟਕੇ ਪਲ' ਅਜੀਤ ਕੌਰ ਦੀ ਪ੍ਰਸਿੱਧ ਕਹਾਣੀ ਹੈ। ਇਹ ਕਹਾਣੀ ਆਤਮ-ਸੰਪੰਨ, ਸੁਤੰਤਰ ਅਤੇ ਪ੍ਰਬਲ ਹਉ ਵਾਲੀ ਸ਼ਹਿਰੀ ਇਸਤਰੀ ਦੇ ਮਾਨਸਿਕ ਕਸ਼ਟ ਦੀ ਕਹਾਣੀ ਹੈ। ਕਰੁਣਾ ਇਕ ਸੁਵਿਧਾ-ਸੰਪੰਨ ਤੇ ਸੁਤੰਤਰ ਇਸਤਰੀ ਹੈ। ਉਸ ਦਾ ਆਪਣੇ ਪਤੀ ਆਨੰਦ ਨਾਲ ਤਲਾਕ ਦਾ ਕੇਸ ਚਲ ਰਿਹਾ ਹੈ। ਉਹਨਾਂ ਦੀ ਇਕ ਬੇਟੀ ਲੀਨੂੰ ਹੈ। ਆਨੰਦ ਲੀਨੂੰ ਨੂੰ ਪਿਆਰ ਨਹੀਂ ਕਰਦਾ। ਕਰੁਣਾ ਨੇ ਬੜੀਆਂ ਮੁਸ਼ਕਿਲਾਂ ਨਾਲ ਜਿੱਥੇ ਆਪਣੇ ਆਪ ਨੂੰ ਦੁੱਖਾਂ-ਕਲੇਸ਼ਾਂ ਵਿਚ ਕੱਢਿਆ ਉੱਥੇ ਲੀਨੂੰ ਦੀ ਦੇਖਭਾਲ ਵਿਚ ਵੀ ਕੋਈ ਕਸਰ ਨਹੀਂ ਆਉਣ ਦਿੱਤੀ। ਪਰੰਤੂ ਹੁਣ ਆਨੰਦ ਨੇ ਕੋਰਟ ਵਿਚ ਲੀਨੂੰ ਨੂੰ ਆਪਣੇ ਕੋਲ ਰੱਖਣ ਲਈ ਕੇਸ ਲਗਾ ਦਿੱਤਾ ਹੈ। ਕਹਾਣੀ ਵਿਚ ਜਿਸ ਦਾ ਫੈਸਲਾ ਅਗਲੇ ਦਿਨ ਆਉਣਾ ਹੈ। ਫੈਸਲਾ ਆਉਣ ਦੀ ਕਸ਼ਮਕਸ਼ ਵਿਚ ਕਰੁਣਾ ਕਿਹੋ ਜਿਹਾ ਮਾਨਸਿਕ ਕਸ਼ਟ ਭੋਗਦੀ ਹੈ, ਸਾਰੀ ਕਹਾਣੀ ਇਸੇ ਦੇ ਇਰਦ-ਗਿਰਦ ਘੁੰਮਦੀ ਹੈ। ਕਰੁਣਾ ਦਾ ਸਵੇਰੇ ਉੱਠਣ ਨੂੰ ਦਿਲ ਨਹੀਂ ਕਰਦਾ। ਉਹ ਚਾਹੁੰਦੀ ਹੈ ਕਿ ਜਾਂ ਤਾਂ ਇਹ ਦਿਨ ਖ਼ਤਮ ਹੀ ਨਾ ਹੋਏ ਤੇ ਜਾਂ ਇਹ ਦਿਨ ਇੰਨੀ ਛੇਤੀ ਖ਼ਤਮ ਹੋ ਜਾਏ ਕਿ ਜਲਦ ਜਲਦ ਤੋਂ ਫੈਸਲਾ ਸੁਣ ਕੇ ਉਹ ਆਪਣੇ ਮਾਨਸਿਕ ਕਸ਼ਟ ਤੋਂ ਨਿਜ਼ਾਤ ਪਾ ਸਕੇ।

ਕਰੁਣਾ ਚਾਹੁੰਦੀ ਹੈ ਕਿ ਲੀਨੂੰ ਹਮੇਸ਼ਾ ਲਈ ਉਸ ਕੋਲ ਰਹੇ। ਉਹ ਇਸ ਕਾਬਲ ਹੈ ਕਿ ਲੀਨੂੰ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੀ ਹੈ। ਪਰ ਆਨੰਦ ਦੇ ਲੀਨੂੰ ਦੀ ਕਸਟੱਡੀ ਲਈ ਕੋਰਟ ਵਿਚ ਕੇਸ ਲਗਾ ਦੇਣ ਕਾਰਨ ਉਹ ਮਾਨਸਿਕ ਦੁੱਖ ਵਿਚ ਘਿਰ ਜਾਂਦੀ ਹੈ। ਉਹ ਲੀਨੂੰ ਨੂੰ ਹਰ ਵੇਲੇ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਉਸ ਦਾ ਦਿਲ ਚਾਹੁੰਦਾ ਹੈ ਕਿ ਉਹ ਅੱਜ ਹੀ ਲੀਨੂੰ ਦੀਆਂ ਸਾਰੀਆਂ ਖ਼ੁਹਾਇਸ਼ਾਂ ਪੂਰੀਆਂ ਕਰ ਦੇਵੇ। ਜਦ ਲੀਨੂੰ ਆਪਣੀ ਸਹੇਲੀ ਰਜਨੀ ਨੂੰ ਮਿਲਣ ਦੀ ਇੱਛਾ ਜ਼ਾਹਰ ਕਰਦੀ ਹੈ ਤਾਂ ਕਰੁਣਾ ਝੱਟ ਮੰਨ ਜਾਂਦੀ ਹੈ। ਇਸੇ ਤਰ੍ਹਾਂ ਜਦ ਕਰੁਣਾ ਲੀਨੂੰ ਨੂੰ ਕੁਝ ਖਾਣ ਜਾਂ ਪੀਣ ਨੂੰ ਕਹਿੰਦੀ ਹੈ ਤਾਂ ਲੀਨੂੰ ਇੱਛਾ ਨਾ ਹੋਣ ਤੇ ਵੀ ਮਨ੍ਹਾ ਨਹੀਂ ਕਰਦੀ।

ਕਰੁਣਾ ਦੇ ਮਨ ਵਿਚ ਵਿਚਾਰਾਂ ਦਾ ਦਵੰਦ ਚਲਦਾ ਹੈ। ਇਸ ਦਵੰਦ ਦਾ ਕਸ਼ਟ ਅਸਹਿਣਯੋਗ ਹੈ। ਇਕ ਪਾਸੇ ਉਹਨੂੰ ਇਹ ਡਰ ਹੈ ਕਿ ਜੇਕਰ ਕੱਲ੍ਹ ਕੋਰਟ ਨੇ ਇਹ ਫੈਸਲਾ ਕੀਤਾ ਕਿ ਲੀਨੂੰ ਆਨੰਦ ਕੋਲ ਰਹੇਗੀ ਤਾਂ ਉੱਥੇ ਉਸ ਦਾ ਖ਼ਿਆਲ ਕੌਣ ਰੱਖੇਗਾ ਤੇ ਦੂਜੇ ਪਾਸੇ ਉਹ ਇਹ ਵੀ ਚਾਹੁੰਦੀ ਹੈ ਕਿ ਉਹ ਇਕ ਆਤਮ-ਸੰਪੰਨ ਤੇ ਸੁਤੰਤਰ ਇਸਤਰੀ ਹੈ, ਉਹ ਲੀਨੂੰ ਦੀ ਦੇਖਭਾਲ ਕਰ ਸਕਦੀ ਹੈ ਤੇ ਇਕ ਮਾਂ ਹੋਣ ਦੇ ਨਾਤੇ ਲੀਨੂੰ 'ਤੇ ਸਭ ਤੋਂ ਵੱਧ ਹੱਕ ਉਸ ਦਾ ਹੀ ਹੈ। ਇਸ ਦਵੰਦ ਵਿਚੋਂ ਉਹਨੂੰ ਡਰ ਵਧੇਰੇ ਲੱਗਦਾ ਹੈ। ਜਿਵੇਂ ਉਸ ਨੂੰ ਇਹ ਯਕੀਨ ਹੋਵੇ ਕਿ ਕੋਰਟ ਆਨੰਦ ਦੇ ਹੱਕ ਵਿਚ ਹੀ ਫੈਸਲਾ ਸੁਣਾਏਗੀ।

ਇੰਨਾ ਹੋਣ ਦੇ ਬਾਵਜੂਦ ਉਹ ਆਪਣੇ ਆਪ ਨੂੰ ਕਾਬੂ ਵਿਚ ਰੱਖਦੀ ਹੈ। ਉਹ ਕਿਸੇ ਹੋਰ ਸਾਹਮਣੇ ਕਮਜ਼ੋਰ ਨਹੀਂ ਦਿਖਣਾ ਚਾਹੁੰਦੀ। ਕਿਸੇ ਦਾ ਹਮਦਰਦੀ ਜਤਾਉਣਾ ਉਸ ਨੂੰ ਉੱਕਾ ਪਸੰਦ ਨਹੀਂ। ਹਮਦਰਦੀ ਜਤਾਉਣ ਵਾਲੇ ਉਸ ਨੂੰ ਭੈੜੇ ਲੱਗਦੇ ਹਨ ਪਰ ਫਿਰ ਵੀ ਉਹ ਇਕ ਔਰਤ ਹੋਣ ਦੇ ਨਾਲ-ਨਾਲ ਇਕ ਮਾਂ ਵੀ ਹੈ। ਔਰਤ ਮਜ਼ਬੂਤ ਹੋ ਸਕਦੀ ਹੈ ਪਰੰਤੂ ਮਾਂ ਨਹੀਂ। ਇਸ ਲਈ ਜਦ ਸ਼ਾਮ ਨੂੰ ਘੁੰਮ-ਫਿਰ ਕੇ ਕਰੁਣਾ ਤੇ ਲੀਨੂੰ ਵਾਪਸ ਘਰ

ਆਉਂਦੀਆਂ ਹਨ ਤਾਂ ਕਰੁਣਾ ਆਪਣੀ ਦੋਸਤ ਤੋਸ਼ੀ ਦੇ ਅੱਗੇ ਉਹ ਆਪਣੇ ਆਪ ਨੂੰ ਰੋਕ ਨਹੀਂ ਪਾਉਂਦੀ। ਕਰੁਣਾ ਭਾਵੁਕ ਹੋ ਜਾਂਦੀ ਹੈ। ਉਸ ਦਾ ਰੋਣ ਨਿਕਲ ਜਾਂਦਾ ਹੈ। ਤੋਸ਼ੀ ਉਸ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰਦੀ ਹੈ ਪਰੰਤੂ ਵਿਅਰਥ।

ਅੰਤ ਵਿਚ ਉਹ ਕਿਸੇ ਵੀ ਬਾਰੇ ਸੋਚਣਾ ਬੰਦ ਕਰ ਦਿੰਦੀ ਹੈ। ਉਹ ਨਹੀਂ ਸੋਚਦੀ ਕਿ ਕੱਲ੍ਹ ਕੋਰਟ ਦੀ ਕੀ ਫੈਸਲਾ ਆਵੇਗਾ। ਲੀਨੂੰ ਉਸ ਕੋਲ ਰਹੇਗੀ ਜਾਂ ਆਨੰਦ ਕੋਲ। ਉਹ ਚੁੱਪ-ਚਾਪ ਸੁੱਤੀ ਪਈ ਲੀਨੂੰ ਕੋਲ ਜਾ ਕੇ ਲੰਮੀ ਪੈ ਜਾਂਦੀ ਹੈ ਤੇ ਉਸ ਦੀ ਗਲ ਚੁੰਮ ਲੈਂਦੀ ਹੈ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਅਜੀਤ ਕੌਰ ਨੇ ਆਪਣੀ ਇਸ ਕਹਾਣੀ ਵਿਚ ਔਰਤ ਮਨ ਦੀ ਪੇਸ਼ਕਾਰੀ ਬੜੀ ਬਾਖ਼ੂਬੀ ਨਾਲ ਕੀਤੀ ਹੈ।

## 1.3.4 ਸਿੱਟਾ

ਨਿੱਕੀ ਕਹਾਣੀ ਦਾ ਜਨਮ ਆਧੁਨਿਕਤਾ ਦੇ ਆਉਣ ਸਦਕਾ ਹੁੰਦਾ ਹੈ। ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿੱਚ ਆਧੁਨਿਕਤਾ ਦੇ ਮੁੱਢਲੇ ਪ੍ਰਭਾਵਾਂ ਦਾ ਅਸਰ ਦੇਖਣ ਨੂੰ ਮਿਲਦਾ ਹੈ। ਕਹਾਣੀਆਂ ਵਿਚ ਮਾਨਵੀ ਮੁੱਲਾਂ ਦਾ ਪ੍ਰਭਾਵ, ਕਦਰਾਂ ਦੀ ਸਾਂਝ ਬੜੇ ਪ੍ਰਚੰਡ ਰੂਪ ਵਿੱਚ ਦੇਖਣ ਨੂੰ ਮਿਲਦੀ ਹੈ। ਕੁੱਝ ਕਹਾਣੀਆਂ ਆਦਰਸ਼ ਪੱਖੋ ਪ੍ਰਗਤੀਵਾਦੀ ਜਾਂ ਪ੍ਰਯੋਗਵਾਦੀ ਵੀ ਕਹੀਆਂ ਜਾ ਸਕਦੀਆਂ ਹਨ। ਪਰੰਤੂ ਇਨ੍ਹਾਂ ਕਹਾਣੀਆਂ ਨੂੰ ਕਿਸੇ ਖਾਸ ਕਾਲ-ਖੰਡ ਜਾਂ ਪ੍ਰਵਿਰਤੀ ਨਾਲ ਨਹੀਂ ਜੋੜਿਆ ਜਾ ਸਕਦਾ ਹੈ। ਹਰ ਕਹਾਣੀ ਆਪਣੀ ਅਦੁੱਤੀ ਸਭਾਵਨਾ ਨੂੰ ਉਜਾਗਰ ਕਰਨ ਦੀ ਯੋਗਤਾ ਰੱਖਦੀ ਹੈ।

## 1.3.5 ਅਭਿਆਸ ਲਈ ਪ੍ਰਸ਼ਨ

1. ਇਕ ਹਉਕਾ ਕਹਾਣੀ ਦੇ ਲੇਖਕ ਦਾ ਨਾਮ ਦੱਸੋ।
2. ਕਥਾ ਪੰਜਾਬੀ ਕਹਾਣੀ ਸੰਗ੍ਰਹਿ ਦੇ ਸੰਪਾਦਕ ਬਾਰੇ ਦੰਸੋ।
3. ਖਬਲ ਕਹਾਣੀ ਦੇ ਵਿਸ਼ਾ-ਪੱਖ ਬਾਰੇ ਚਾਨਦਾ ਪਾਓ।
4. ਨਿੰਕੀ ਕਹਾਣੀ ਦ ਸਿਧਾਂਤਕ ਰੂਪ ਬਾਰੇ ਚਰਚਾ ਕਰੋ।
5. ਤਾਸ਼ ਦੀ ਆਦਤ ਕਹਾਣੀ ਦੇ ਮੁੱਖ ਪਾਤਰ ਬਾਰੇ ਦੱਸੋ।
6. ਰਾਸ-ਲੀਲਾ ਕਹਾਣੀ ਦੇ ਵਿਸ਼ਾ-ਪੱਖ ਬਾਰੇ ਦੱਸੋ।

## 1.3.6 ਪੁਸਤਕ ਸੂਚੀ

ਸੁਰਿੰਦਰ ਕੋਰ ਚੌਹਾਨ (ਡਾ.), ਸੰਤ ਸਿੰਘ ਸੇਖੋਂ ਦੀ ਗਲਪ ਦ੍ਰਿਸ਼ਟੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਹਰਿਭਜਨ ਸਿੰਘ (ਡਾ.) (ਸੰਪਾ.), ਕਥਾ ਪੰਜਾਬ, ਨੈਸ਼ਨਲ ਬੁੱਕ ਟਰੱਸਟ, ਦਿੱਲੀ, 2009

ਪ੍ਰਿਤਪਾਲ ਸਿੰਘ ਮਹਿਰੋਕ (ਡਾ.), ਪੰਜਾਬੀ ਕਹਾਣੀ ਵਿਚਾਰਧਾਰਕ ਪਰਿਪੇਖ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2008

ਵਨੀਤਾ (ਡਾ.), ਕਹਾਣੀ ਦੀਆਂ ਪਰਤਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009

**Converted in Self Learning Mode by Dr. Satnam Singh Sandhu**
**Last Update May, 2023**

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.